੧ ੳ ਸਤਿਗੁਰ ਪ੍ਰਸਾਦਿ ॥

"ਜਾ ਕਉ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥"




## ਵਾਰ ਭਾਈ ਗੁਰਦਾਸ ਜੀ

ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ ॥
ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ ॥
ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ ॥
ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ ॥
ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ ॥
ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ ॥੨੨

www.AKJ.Org

# ਲੇਖ ਸੂਚੀ


| ਲੇਖ | ਲੇਖਕ |
|---|---|
| . ਵਾਰ ਭਾਈ ਗੁਰਦਾਸ ਜੀ | |
| . ਗੁਰੂ ਕਾ ਸਿੱਖ ਕੌਣ ਹੈ ? | ਭਾਈ ਸਾਹਿਬ ਭਾਈ ਰਣਧੀਰ ਸਿੰਘ |
| ੩. ਜੈ ਤੇਗੰ | ਮਾਸਟਰ ਜਸਵੰਤ ਸਿੰਘ ਜੀ ਅੰਮ੍ਰਿਤਸ |
| ੪. ਕ... ਨਾਮਦੇਵ ਜੀ | ਪ੍ਰੋ: ਗੁਰਮੁਖ ਸਿੰਘ |
| ...ਹਾਸ ਤੇ ਵਿ...ਖੀ | ਗਿਆਨੀ ਜਸਮੇਰ ਸਿੰਘ ਪਾਲ |
| ...ਤੇ ਅਸੀਂ | ਭਾ: ਗੁਰਚਰਨ ਸਿੰਘ ਐਮ.ਏ. ਰੀਸਰਚ ਸਕਾ |
| ...ਬੇਚਿਓ ...ਤਗੁਰ ਆਗੇ | ਪ੍ਰੋ: ਹਰਬੰਸ ਸਿੰਘ |
| ... ਕੇ. ਵਿਚ ਸਿਖੀ ਪਰਚਾਰ | |
| ...ਹਾਲ ਮੁਰੀਆ ਦਾ ਕਹਿਣਾ | ਗਿਆਨੀ ਸੇਵਾ ਸਿੰਘ 'ਸੇਵਕ' ਤਰਨਤਾ |


---


...ਟੰਗ ਪ੍ਰੈਸ, ਬਾਜ਼ਾਰ ਪੁਰਾਣੀ ਕੋਤਵਾਲੀ ਜਲੰਧਰ ਤੋਂ ਛਪਵ... ਦਲਜੀਤ ਸਿੰਘ ਐ... ...ਬਲਿਸ਼:
...ਰਬ ਹਿੰਦ ਅਖੰਡ ਕੀਰਤਨੀ ਜਥੇ ਲਈ ... ਮਾ... ਟਾਊਨ ...


www.AKJ.org

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰੀ 15 ,,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੫] ੧ ਦਸੰਬਰ ੧੯੭੧ [ਅੰਕ ੧੧

### ਵਾਰਾਂ ਭਾਈ ਗੁਰਦਾਸ ਜੀ

ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ ॥
ਪੋਖਨਹਾਰਾ ਪਾਤਿਸਾਹ ਹੈ ਪ੍ਰਤਿਪਾਲਨ ਊਰਾ ॥
ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ ॥
ਵਾਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰੁ ਗੋਬਿੰਦ ਸੂਰਾ ॥
ਅਨਦ ਬਿਨੋਦੀ ਜੀਅ ਜਪਿ ਸਚੁ ਸਾਚੀ ਵੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

www.AKJ.Org

# ਆਤਮ ਦਰਸ਼ਨ ਦੀ ਜੁਗਤੀ

—ਗਿਆਨੀ ਹਰਬੰਸ ਸਿੰਘ ਜੀ, ਕਰਤਾ ਜਪ ਨਿਰਣਯ

ੴ ਸਤਿਗੁਰ ਪ੍ਰਸਾਦਿ ॥

ਰਾਮਕਲੀ* ਪਾਤਿਸ਼ਾਹੀ ॥ ੧੦ ॥

ਰੇ ਮਨ ! ਐਸੋ ਕਰਿ ਸੰਨਿਆਸਾ[1] ॥

ਬਨ[2] ਸੇ[3] ਸਦਨ[4] ਸਬੈ ਕਰਿ ਸਮਝ,

ਮਨ ਹੀ ਮਾਹਿ ਉਦਾਸਾ[5] ॥ ੧ ॥ ਰਹਾਉ ।

ਜਤ[6] ਕੀ ਜਟਾ[7] ਜੋਗ ਕੋ ਮੱਜਨੁ[8],

ਨੇਮ[9] ਕੇ ਨਖਨ[10] ਬਢਾਓ[11] ॥

ਗਿਆਨ[12] ਗੁਰੂ ਆਤਮ ਉਪਦੇਸਹੁ,

ਨਾਮ ਬਿਭੂਤ[13] ਲਗਾਓ ॥

ਅਲਪ[14] ਅਹਾਰ[15] ਸੁਲਪ[16] ਸੀ ਨਿੰਦ੍ਰਾ,

ਦਯਾ ਛਿਮਾ[17] ਤਨ ਪ੍ਰੀਤਿ ॥

ਸੀਲ[18] ਸੰਤੋਖ[19] ਸਦਾ ਨਿਰਬਾਹਿਬੋ,[20]

ਹ੍ਵੈਬੋ[21] ਤ੍ਰਿਗੁਣ[22] ਅਤੀਤ[23] ॥ ੨ ॥

ਕਾਮ[24] ਕ੍ਰੋਧ[25] ਹੰਕਾਰ[26] ਲੋਭ[27] ਹਠ[28],

ਮੋਹ[29] ਨ ਮਨ ਸੋ ਲਯਾਵੈ ॥

ਤਬ ਹੀ ਆਤਮ[30] ਤਤ ਕੋ ਦਰਸੇ[31],

ਪਰਮ[32] ਪੁਰਖ ਕਹ ਪਾਵੈ ॥ ੩ ॥ ੧ ॥

ਅਰਥ :—ਹੇ ਮਨ ! ਇਹੋ ਜਿਹਾ ਸੰਨਿਆਸ (ਧਾਰਨ) ਕਰ । ਸਭ (ਥਾਵਾਂ) ਘਰਾਂ ਨੂੰ ਜੰਗਲ ਸਮਾਨ (ਇਕਾਂਤ ਥਾਂ) ਸਮਝੋ ਅਤੇ ਆਪਣੇ ਅੰਦਰ ਹੀ ਉਪਰਾਮ ਚਿਤ ਰਹੋ । ਜਤ ਦੀਆਂ ਜੱਟਾਂ (ਲਿਟਾਂ), ਅਤੇ ਜੋਗ ਨੂੰ ਇਸ਼ਨਾਨ ਅਤੇ ਨੇਮ ਦੇ ਨਾਖ਼ੁਨ ਵਧਾਓ । ਗੁਰੂ ਦੇ ਗਿਆਨ ਦੁਆਰਾ ਆਤਮਾ ਨੂੰ ਉਪਦੇਸ਼ ਦਿਉ ਅਤੇ ਨਾਮ ਦੀ ਬਿਭੂਤੀ (ਸਰੀਰ ਉਤੇ) ਮਲੋ । ਥੋੜਾ ਭੋਜਨ, ਥੋੜ੍ਹੀ ਜਿਹੀ ਨੀਂਦ, (ਜੀਆਂ ਤੇ) ਤਰਸ ਕਰਨਾ, ਭੁਲ ਦੀ ਖਿਮਾਂ (ਮੰਗਣ ਤੇ ਦੇਣੀ) ਇਹ ਸਰੀਰ ਦੀ ਪ੍ਰੀਤੀ

---

*ਦਸਮ ਗਰੰਥ ਵਿਚ ਦਸਾਂ ਸ਼ਬਦਾਂ ਦਾ ਇਕ ਸੰਗ੍ਰਹਿ ਜਿਸਦਾ ਨਾਮ "ਸ਼ਬਦ ਹਜ਼ਾਰੇ ਪਾਤਿਸ਼ਾਹੀ ੧੦" ਕਰਕੇ ਪ੍ਰਸਿੱਧ ਹੈ, ਉਸ ਬਾਣੀ ਦਾ ਇਹ ਆਰੰਭਕ ਸ਼ਬਦ ਹੈ । ਇਹ ਸ਼ਬਦ ਦਸਮੇਸ਼ ਪਿਤਾ ਜੀ ਦੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਹੈ ।

**ਪਦ ਅਰਥ** :—1. ਸੰਨਿਆਸਪੁਣਾ, ਤਿਆਗ । 2. ਜੰਗਲ । 3. ਵਰਗੇ, ਸਮਾਨ । 4. ਘਰ । 5. ਉਪਰਾਮਤਾ । 6. ਇੰਦ੍ਰਿਆਂ ਉਤੇ ਕਾਬੂ ਪਾਣ ਦੀ ਕਿਰਿਆ, ਬਿੰਦ ਨੂੰ ਰੋਕਣ ਵਾਲਾ । 7. ਲਿੱਟਾਂ । 8. ਇਸ਼ਨਾਨ । 9. ਨਿਯਮ, ਅਸੂਲ । 10. ਨਾਖੁਨ, ਨਹੁੰ । 11. ਵਧਾਓ । 12. ਸ਼ਬਦ । 13. ਸੁਆਹ । 14. ਥੋੜਾ । 15. ਭੋਜਨ । 16. ਥੋੜੀ ਜਿਹੀ । 17. ਖਿਮਾਂ । 18. ਸਹਿਨ ਸ਼ੀਲਤਾ । 19. ਸਬਰ, ਤ੍ਰਿਪਤ ਹੋਣਾ, ਸੰਤੁਸ਼ਟ ਹੋਣਾ । 20. ਨਿਰਬਾਹ, ਗੁਜ਼ਾਰਾ ਕਰੋ । 21. ਹੋ ਜਾਉਗੇ । 22. ਤਿੰਨ ਗੁਣ (ਰਜੋ, ਤਮੋ, ਸਤੋ) । 23. ਨਿਰਲੇਪ, ਤਿਆਗੀ । 24. ਵਿਸ਼ੇ ਭੋਗਾਂ ਵਾਲੀ ਬ੍ਰਿਤੀ ਦਾ ਰੂਪ । 25. ਗੁਸੈਲਾ ਰੂਪ । 26. ਹਉਮੈਂ ਦਾ ਰੂਪ । 27. ਲਾਲਚੀ ਸੁਭਾਅ ਵਾਲਾ ਰੂਪ । 28. ਅੜੀਅਲ, ਜ਼ਿੱਦ ਪੁਣੇ ਦਾ ਰੂਪ । 29. ਝੂਠਾ ਪਿਆਰ । 30. ਜੋਤਿ ਸਰੂਪੋ, ਤੱਤਵ ਦਰਸ਼ਨ । 31. ਵੇਖ ਲਈਦਾ ਹੈ । 32. ਪਰਮਾਤਮਾ, ਸਤਿ ਪੁਰਖ ।



www.AKJ.Org

ਰਖੋ। ਸੀਤਲ-ਸੁਭਾਵ, ਸਹਿਨ ਸ਼ੀਲਤਾ (ਆਦਿ ਗੁਣਾਂ ਦੇ ਸੰਗ੍ਰਹਿ ਨਾਲ) ਸਦਾ ਨਿਰਬਾਹ (ਗੁਜ਼ਾਰਾ) ਕਰੋ, (ਇਸ ਤਰ੍ਹਾਂ) ਤਿੰਨ ਗੁਣਾਂ (ਰਜੋ, ਤਮੋ, ਸਤੋ ਦੇ ਪ੍ਰਭਾਵ) ਤੋਂ ਨਿਰਲੇਪ ਹੋ ਜਾਉਗੇ। (ਜਿਹੜਾ ਜੀਵ) ਕਾਮ-ਚੇਸ਼ਟਾ, ਗੁੱਸਾ, ਹੰਕਾਰ, ਲਾਲਚ, ਹਠ ਅਤੇ ਮੋਹ (ਇਨ੍ਹਾਂ ਨੂੰ) ਮਨ ਨਾਲ (ਸਪਰਸ਼) ਨਹੀਂ ਹੋਣ ਦੇਂਦਾ। ਤਾਂ ਹੀ ਉਹ (ਇਸ ਤਰੀਕੇ ਨਾਲ) ਆਤਮ-ਤੱਤ (ਨਿਜ ਸਰੂਪ) ਦੇ ਦਰਸ਼ਨ ਕਰਦਾ ਹੈ ਅਤੇ ਪਰਮ ਪੁਰਖ (ਪਰਮੇਸ਼ਰ) ਨੂੰ ਪ੍ਰਾਪਤ ਕਰ ਲੈਂਦਾ ਹੈ।

## ਵਿਸ਼ੇਸ਼ ਵਿਚਾਰ :—

(ਜਿਵੇਂ ਸੰਸਾਰ ਵਿਚ ਚਾਰ ਵਰਨ ਮੰਨੇ ਜਾਂਦੇ ਹਨ, ਤਿਵੇਂ ਹਿੰਦੂ ਮਤ ਵਿਚ ਚਾਰ ਆਸ਼ਰਮ ਵੀ ਪ੍ਰਸਿੱਧ ਹਨ। ਪੁਰਾਤਨ ਸਮੇਂ ਵਿਚ ਬ੍ਰਾਹਮਣ ਲੋਕ ਮਨੁੱਖੀ ਜੀਵਨ ਨੂੰ ਚਾਰ ਹਿੱਸਿਆਂ ਵਿਚ ਵੰਡਦੇ ਸਨ, ਜਿਨ੍ਹਾਂ ਨੂੰ ਆਸ਼ਰਮ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ :—

## ਪਹਿਲਾ ਆਸ਼ਰਮ (ਬ੍ਰਹਮ ਚਰਯ) :—

24 ਸਾਲ ਤੀਕ ਵਿਦਿਆ ਪੜ੍ਹਨੀ ਤੇ ਬ੍ਰਹਮ ਚਰਯ ਧਾਰਨ ਕਰਨਾ।

## ਦੂਜਾ ਅਸ਼ਰਮ (ਗ੍ਰਹਿਸਤ) :—

ਵਿਦਿਆ ਪ੍ਰਾਪਤੀ ਮਗਰੋਂ ਵਿਆਹ ਕਰਾਉਣਾ, ਜਦੋਂ ਕੋਈ ਬੱਚਾ, ਬੱਚੀ ਭਾਵ ਸੰਤਾਨ ਉਤਪੰਨ ਹੋ ਜਾਵੇ ਤਾਂ ਘਰ ਬਾਰ ਛਡ ਜਾਣਾ।

## ਤੀਜਾ ਆਸ਼ਰਮ (ਬਾਨ ਪ੍ਰਸਤ) :—

ਘਰੋਗੀ ਧੰਧੇ, ਸੰਤਾਨ, ਪਦਾਰਥ ਆਦਿ ਛਡ ਕੇ ਜੰਗਲ ਵਿਚ ਜਾ ਵੱਸਣਾ। ਉਥੇ ਇਕਾਂਤ ਵਿਚ ਰੱਬ ਦਾ ਭਜਨ ਕਰਨਾ।

## ਚੌਥਾ ਆਸ਼ਰਮ (ਸੰਨਿਆਸ) :—

ਸੰਸਾਰੀ ਪਹਿਰਾਵੇ ਦਾ ਤਿਆਗ ਕਰ ਕੇ ਸੰਨਿਆਸ ਮਤ ਦੇ ਬਾਨੀ ਦਾ ਦਸਿਆ ਹੋਇਆ ਰਾਹ ਅਪਨਾਉਣਾ।

(ਜਿਵੇਂ ਜੋਗੀਆਂ ਦੇ ਬਾਰਾਂ ਫ਼ਿਰਕੇ ਪ੍ਰਸਿੱਧ ਹਨ, ਤਿਵੇਂ ਸੰਨਿਆਸੀ ਦਸ ਫ਼ਿਰਕਿਆਂ ਵਿਚ ਵੰਡੇ ਹੋਏ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਬਾਣੀ ਵਿਚ ਸੰਨਿਆਸੀਆਂ ਦੀਆਂ ਦਸ ਸੰਪ੍ਰਦਾਵਾਂ ਦਾ ਇਉਂ ਜ਼ਿਕਰ ਕੀਤਾ ਹੈ :—

੧. ਬਾਰਹ ਮਹਿ ਜੋਗੀ ਭਰਮਾਏ,
ਸੰਨਿਆਸੀ ਛਿਅ ਚਾਰ ॥
(ਪੰ: ੯੪੧)

੨. ਬਾਰਹ ਮਹਿ ਰਾਵਲ ਖਪਿ ਜਾਵਹਿ,
ਚਹੁ ਛਿਅ ਮਹਿ ਸੰਨਿਆਸੀ ॥
(ਪੰ: ੧੩੪੮)

ਦਸ ਸੰਪ੍ਰਦਾਵਾਂ ਦੇ ਹੇਠ ਲਿਖੇ ਨਾਉਂ ਪ੍ਰਚਲਤ ਹਨ :-

| | | |
|---|---|---|
| ੧. ਤੀਰਥ | ੪. ਆਰੰਨਯ | ੭. ਸਾਗਰ |
| ੨. ਆਸ਼ਰਮ | ੫. ਗਿਰਿ | ੮. ਸਰਸ੍ਵਤੀ |
| ੩. ਬਨ | ੬. ਪਰਬਤ | ੯. ਭਾਰਤੀ |
| | | ੧੦. ਪੁਰੀ |

ਸੰਨਿਆਸ ਪੰਥ ਦਾ ਜਨਮ ਦਾਤਾ 'ਦੱਤ' ਹੈ ਜਿਸਦਾ ਜ਼ਿਕਰ ਦਸਮੇਸ਼ ਪਿਤਾ ਜੀ ਨੇ ਬਚਿੱਤ੍ਰ ਨਾਟਕ ਅੰਦਰ ਆਪਣੀ ਜਨਮ ਕਥਾ ਵਿਚ ਇਉਂ ਕੀਤਾ ਹੈ :—

ਤਬ ਹਰਿ ਬਹੁਰ ਦੱਤ ਉਪਜਾਯੋ ॥
ਤਿਨ ਭੀ ਅਪਨਾ ਪੰਥ ਚਲਾਯੋ ॥
ਕਰ ਮੋ ਨਖ ਸਿਰ ਜਟਾ ਸਵਾਰੀ ॥
ਪ੍ਰਭੂ ਕੀ ਕ੍ਰਿਯਾ ਨ ਕਛੂ ਬਿਚਾਰੀ ॥

ਇਸ ਮਤ ਦਾ ਸਭ ਤੋਂ ਸ਼ਰੋਮਣੀ ਪ੍ਰਚਾਰਕ 'ਸ਼ੰਕਾ ਚਾਰਯ' ਹੋਇਆ ਹੈ ਜਿਸ ਨੂੰ ਸ਼ਿਵ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਨੇ ਸੰਨਿਆਸ ਨੂੰ ਫੈਲਾਉਣ ਲਈ ਕਈ ਮੱਠ ਬਣਾਏ। ਅਦਵੈਤ-ਵਾਦ ਦਾ ਪਰਚਾਰ



www.AKJ.Org

ਕੀਤਾ ਅਤੇ 'ਦਿਗ ਵਿਜੇ' ਪ੍ਰਸਿੱਧ ਹੋਇਆ।

ਇਸ ਮਤ ਦੇ ਚੇਲੇ ਘੋਨ ਮੋਨ (ਰੁੰਡਤ ਮੁੰਡਤ) ਹੁੰਦੇ ਹਨ। ਜਟਾਂ ਤੇ ਨਹੁੰ ਵਧਾਉਂਦੇ ਹਨ। ਸਿਰ, ਮੂੰਹ ਸਭ ਅੰਗਾਂ ਤੇ ਸੁਆਹ ਮਲਦੇ ਹਨ। ਲੰਗੋਟਾ ਬੰਨ੍ਹਦੇ ਹਨ। ਘਰ ਘਰ ਫਿਰ ਕੇ ਰੋਟੀ ਮੰਗ ਕੇ ਆਪਣੀ ਪੇਟ-ਪਾਲਨਾ ਕਰਦੇ ਹਨ।

ਗੁਰਮਤਿ ਵਿਚ ਅਜਿਹੇ ਭੇਖਾਂ ਦੀ ਨਿਖੇਧੀ ਕੀਤੀ ਗਈ ਹੈ। ਸਭ ਜਗਿਆਸੂਆਂ ਨੂੰ ਆਤਮ-ਦਰਸੀ ਬਣਨ ਦਾ ਉਪਦੇਸ਼ ਦਿੱਤਾ ਹੈ। ਬਾਹਰਮੁਖੀ ਵੇਸ ਅਤੇ ਹੋਰ ਚਿੰਨ੍ਹਾਂ ਨੂੰ ਮੁਖ ਰਖ ਕੇ ਉਸ ਦੇ ਮੁਕਾਬਲੇ ਤੇ ਆਤਮ-ਰਹਿਤ ਦੁਆਰਾ ਸੱਚਾ ਸੰਨਿਆਸੀ ਬਣਨ ਦੀ ਜਾਚ ਸਿਖਾਈ ਹੈ। ਹਿੰਦੂ ਧਰਮ ਵਿਚ ਸੰਨਿਆਸ ਮਤ ਦੇ ਸਾਧੂਆਂ ਦੀ ਚੰਗੀ ਪੂਜਾ ਪ੍ਰਤਿਸ਼ਟਾ ਕੀਤੀ ਜਾਂਦੀ ਹੈ ਕਿਉਂਕਿ ਉਹ ਇਨ੍ਹਾਂ ਨੂੰ ਤਿਆਗੀ ਸਮਝਦੇ ਹਨ। ਸੰਨਿਆਸੀ ਆਪਣੇ ਮਨ ਨੂੰ ਮਾਰਨ ਲਈ, ਧੀਆਂ ਪੁੱਤਰ, ਘਰ ਬਾਰ, ਛੋੜ ਕੇ ਜੰਗਲਾਂ ਵਿਚ ਜਾਂਦੇ ਹਨ ਪਰ ਗੁਰਮਤਿ ਵਿਚ ਗ੍ਰਹਿਸਤ ਆਸ਼ਰਮ ਨੂੰ ਪਰਧਾਨਤਾ ਦਿਤੀ ਗਈ ਹੈ। ਸੰਨਿਆਸੀ ਕਾਮ-ਵਾਸ਼ਨਾ ਤੋਂ ਬਚਣ ਲਈ ਆਪਣੇ ਸਰੀਰ ਨੂੰ ਕੁਰੂਪ ਬਣਾਉਂਦੇ ਹਨ। ਰੱਬ ਵਲੋਂ ਦਿੱਤੇ ਗਏ ਸੁੰਦਰ ਕੇਸਾਂ ਵਿਚ ਸੁਆਹ ਪਾ ਕੇ ਜੱਟਾਂ ਬਣਾਉਂਦੇ ਹਨ। ਸਰੀਰ ਉਤੇ ਸੁਆਹ ਮਲਦੇ ਹਨ, ਪ੍ਰੰਤੂ ਮਨ ਇਸ ਤਰ੍ਹਾਂ ਦੇ ਜਤਨਾਂ ਨਾਲ ਵਿਸ਼ੇ ਵਿਕਾਰਾਂ ਵਲੋਂ ਨਹੀਂ ਮੁੜਦਾ। ਦਸਮ ਗਰੰਥ ਅੰਦਰ 'ਪਾਰਸ ਨਾਥ ਅਵਤਾਰ' ਜਿਸ ਨੇ 'ਦਤਾ ਤ੍ਰੇਯ' ਦੇ ਚਲਾਏ ਹੋਏ ਸੰਨਿਆਸ ਮਠ ਦੇ ਵਿਰੁਧ ਪਰਚਾਰ ਹੀ ਨਹੀਂ ਕੀਤਾ, ਇਨ੍ਹਾਂ ਨੂੰ ਮੁਕਾਉਣ ਦਾ ਜਤਨ ਵੀ ਕੀਤਾ, ਉਸ ਵਿਚ ਜੋਗੀਆਂ ਤੇ ਸੰਨਿਆਸੀਆਂ ਨੂੰ ਇਉਂ ਸਮਝਾਇਆ ਗਿਆ ਹੈ :— ਸੋਰਠ ॥

ਜੋਗੀ ! ਜੋਗੁ ਜਟਨ ਮੋ ਨਾਹੀ ॥
ਭ੍ਰਮ ਭ੍ਰਮ ਮਰਤ ਕਹਾ ਪਚਿ ਪਚਿ ਕਰ,
ਦੇਖਿ ਸਮਝ ਮਨ ਮਾਹੀ ॥
ਜੋ ਜਨ ਮਹਾਂ ਤੱਤ ਕਹੁ ਜਾਨੈ,
ਪਰਮ ਗਯਾਨ ਕਹੁ ਪਾਵੈ ॥
ਤਬ ਯਹ ਏਕ ਠਉਰ ਮਨ ਰਾਖੈ,
ਦਰ ਦਰ ਭ੍ਰਮਤ ਨ ਧਾਵੈ ॥
ਕਹਾ ਭਯੋ ਗ੍ਰਿਹ ਤਜਿ ਉਠ ਭਾਗੇ,
ਬਨ ਮੈ ਕੀਨ ਨਿਵਾਸਾ ॥
ਮਨ ਤੋ ਰਹਾ ਸਦਾ ਘਰਿ ਹੀ ਮੋ,
ਸੋ ਨਹੀ ਭਯੋ ਉਦਾਸਾ ॥
ਅਧਕ ਪ੍ਰਪੰਚ ਦਿਖਾਇ ਠਗਾ ਜਗ,
ਜਾਨ ਜੋਗ ਕੋ ਜੋਰਾ ॥
ਤੁਮ ਜੀਅ ਲਖਾ ਤਜੀ ਹਮ ਮਾਯਾ,
ਮਾਯਾ ਤੁਮੈ ਨ ਛੋਰਾ ॥

ਬਿਸ਼ਨ ਪਦ ॥ ਸੋਰਠਾ ॥

ਭੇਖੀ ! ਜੋਗ ਨ ਭੇਖ ਦਿਖਾਏ ॥
ਨਾਹਨ ਜਟਾ ਬਿਭੂਤ ਨਖਨ ਮੈ,
ਨਾਹਿਨ ਬਸਤ੍ਰ ਰੰਗਾਏ ॥
ਜੋ ਬਨ ਬਸੈ ਜੋਗ ਕਹੁ ਪੱਈਐ,
ਪੰਛੀ ਸਦਾ ਬਸਤ ਬਨ ॥
ਕੁੰਚਰ ਸਦਾ ਧੂਰ ਸਿਰ ਮੱਲਤ,
ਦੇਖਹੁ ਸਮਝ ਤੁਮਹੀ ਮਨ ॥
ਦਾਦਰ ਮੀਨ ਸਦਾ ਤੀਰਥ ਮੋ,
ਕਰਯੋ ਕਰਤ ਇਸਨਾਨਾ ॥
ਧਯਾਨ ਬਿੜਾਲ[1] ਬਕੀ[2] ਬਕਲਾਵਤ,
ਤਿਨ ਕਿਆ ਜੋਗੁ ਪਛਾਨਾ ॥
ਜੈਸੇ ਕਸਟ[3] ਠਗਨ ਕਹ ਠਾਟਤ[4],

1. ਬਿੱਲਾ। 2. ਬਗੁਲੀ ਬਗੁਲੇ ਵਾਂਗ। 3. ਪੀੜਾ, ਦੁਖ। 4. ਬਣਾਉਂਦਾ ਹੈ।



www.AKJ.Org

ਅਸੇ ਹਰਿ ਹਿਤ ਕੀਜੈ ॥
ਤਬ ਹੀ ਮਹਾਂ ਗਯਾਨ ਕੋ ਜਾਨੈ,
ਪਰਮ ਪਯੂਖਹਿ[1] ਪੀਜੈ ॥

ਚੌਬੀਸਵੇਂ ਅਵਤਾਰ ਦੀ ਕਥਾ ਵਿਚ ਵੀ ਇਨ੍ਹਾਂ ਭੇਖਾਂ ਨੂੰ ਠਗੀ ਦਾ ਰਾਹ ਦਸਿਆ ਹੈ :—

ਜੋਗੀ ਸੰਨਿਆਸੀ ਹੈਂ ਜੇਤੇ ॥
ਮੁੰਡੀਆ ਮੁਸਲਮਾਨ ਗਨ ਕੇਤੇ ॥
ਭੇਖ ਧਰੇ ਲੂਟਤ ਸੰਸਾਰਾ ॥
ਛਪਤ ਸਾਧੁ ਜਿਹ ਨਾਮ ਅਧਾਰਾ ॥

ਦਸਮ ਪਿਤਾ ਜੀ ਨੇ ਇਨ੍ਹਾਂ ਮੱਤਾਂ ਦੀ ਹਠ-ਧਰਮੀ ਦਾ ਵਰਨਣ ਤੇਤੀ ਸਵੱਈਆਂ ਵਿਚ ਇਉਂ ਕੀਤਾ ਹੈ :—

ਜੋ ਜਗਿਆਨ ਕੇ ਜਾਇ ਉਠਿ ਆਸ੍ਰਮ,
ਗੋਰਖ ਕੋ ਤਿਹਿ ਜਾਪ ਜਪਾਵੈ ॥
ਜਾਇ ਸੰਨਯਾਸਨ ਕੇ, ਤਿਹ ਕੋ ਕਹ,
ਦੱਤ ਹੀ ਸੱਤ ਹੈ ਮੰਤ੍ਰ ਦ੍ਰਿੜਾਵੈ ॥

— —

ਜੋ ਜੁਗੀਆਨ ਕੇ ਜਾਇ ਕਹੈਂ,
ਸਬ ਜੋਗਨ ਕੋ ਗ੍ਰਹ ਮਾਲ ਉਠੈ ਦੈ ॥
ਜੋ ਪਰੋ ਭਾਜਿ ਸਨਯਾਸਨ ਕੈ, ਕਹੈਂ
ਦੱਤ ਕੇ ਨਾਮ ਪੈ ਧਾਮ ਲੁਟੈ ਦੈ ॥

ਇਨ੍ਹਾਂ ਭੇਖੀਆਂ ਦੇ ਪੰਜੇ ਵਿਚੋਂ ਕਢਣ ਦਾ ਸੌਖਾ ਮਾਰਗ ਇਹ ਹੈ ਕਿ ਮਨੁੱਖ ਘਰ ਵਿਚ ਰਹਿੰਦੇ ਹੋਏ ਹੀ ਉਦਾਸ (ਨਿਰਲੇਪ) ਰਹੇ। ਜਿਸ ਤਰ੍ਹਾਂ ਕੰਵਲ ਫੁਲ ਪਾਣੀ ਵਿਚ ਰਹਿੰਦੇ ਹੋਏ ਨਿਰਲੇਪ ਰਹਿੰਦਾ ਹੈ। ਗੁਰਦੇਵ ਜੀ, ਮਨ ਨੂੰ ਘਰ ਵਿਚ ਰਹਿ ਕੇ ਸਚੀ ਕਾਰ ਕਰਨ ਦੀ ਸਲਾਹ ਦੇਂਦੇ ਹਨ।

ਮਨ ਰੇ ! ਗ੍ਰਿਹ ਹੀ ਮਾਹਿ ਉਦਾਸ ॥
ਸਚੁ ਸੰਜਮੁ ਕਰਣੀ ਸੋ ਕਰੇ,
ਗੁਰਮੁਖਿ ਹੋਇ ਪਰਗਾਸ ॥ (ਪੰ: ੨੬)

ਅਸਲੀ ਸੰਨਿਆਸੀ ਉਹੋ ਹੀ ਆਖਿਆ ਜਾ ਸਕਦਾ ਹੈ ਜਿਹੜਾ ਆਸਾ ਵਿਚ ਨਿਰਾਸ ਰਹੇ :—

ਆਸ ਨਿਰਾਸ ਰਹੈ ਸੰਨਿਆਸੀ,
ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਂਤਿ ਆਵੈ,
ਨਿਜ ਘਰਿ ਤਾੜੀ ਲਾਏ ॥

ਸੰਨਿਆਸੀ ਦੀ ਰਹੁਰੀਤੀ ਨੂੰ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਦੇ ਇਕ ਸ਼ਬਦ ਵਿਚ ਵੇਰਵੇ ਸਹਿਤ ਨਿਰੂਪਣ ਕੀਤਾ ਹੈ। ਉਸ ਸ਼ਬਦ ਦੇ ਰਹਾਉ ਦੀ ਪੰਕਤੀ ਹੈ "ਐਸੀ ਰਵਤ ਰਵੈ ਸੰਨਿਆਸੀ"। ਸੋ ਗ੍ਰਿਹਸਤੀਆਂ ਤੋਂ ਘਿਰਣਾ ਕਰਕੇ ਜੰਗਲ ਵਾਸੀ ਬਣਿਆ ਸੰਨਿਆਸੀ ਮੁੜ ਕੇ ਉਨ੍ਹਾਂ ਸੰਸਾਰੀਆਂ ਤੇ ਦਰਾਂ ਤੋਂ ਹੀ ਟੁਕੜੇ ਮੰਗਦਾ ਫਿਰਦਾ ਹੈ ਤਾਂ ਇਸ ਤੋਂ ਵਡੀ ਸ਼ਰਮ ਵਾਲੀ ਕਿਹੜੀ ਗਲ ਹੈ। ਗੁਰਮਤਿ ਵਿਚ ਸੰਨਿਆਸੀ ਦੀ ਪ੍ਰੀਭਾਸ਼ਾ (Definition) ਨੂੰ ਹੇਠ ਲਿਖੀ ਪੰਕਤੀ ਨਿਰੂਪਣ ਕਰਦੀ ਹੈ :—

ਸੋ ਸੰਨਿਆਸੀ ਜੋ ਸਤਿਗੁਰ ਸੇਵੈ,
ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਾਈ,
ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ, ਖਿਮਾ ਧਨੁ ਸੰਗ੍ਰਹੈ,
ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ,
ਜਿ ਹਰਿ ਚਰਣੀ ਚਿਤੁ ਲਾਏ ॥
(ਪੰਨਾ ੧੦੧੩)

ਇਸੇ ਤਰ੍ਹਾਂ ਬਿੰਦ ਦੇ ਰੋਕਣ ਨਾਲ ਜਤੀ ਨਹੀਂ ਹੋਈਦਾ। ਅਸਲੀ ਜਤੀ ਉਹ ਹੈ ਜਿਹੜਾ ਆਪਣੀ ਇਸਤ੍ਰੀ ਤੋਂ ਬਿਨਾਂ ਹੋਰ ਸਭ ਨੂੰ ਮਾਵਾਂ, ਧੀਆਂ, ਭੈਣਾਂ,

1. ਅੰਮ੍ਰਿਤ ਰਸ ਤਾਈਂ।



www.AKJ.Org

ਬੱਚੀਆਂ ਸਮਝਦਾ ਹੈ ਭਾਵ ਉਨ੍ਹਾਂ ਵਲ ਭੈੜੀ ਦ੍ਰਿਸ਼ਟੀ ਨਾਲ ਨਹੀਂ ਦੇਖਦਾ। ਜੇ ਮਨ ਵਿਸ਼ੇ ਵਿਕਾਰਾਂ ਦੇ ਵਸ ਹੋਇਆ ਹੋਇਆ ਪਰਾਈ ਇਸਤਰੀਆਂ ਵਲ ਮੰਦ ਭਾਵਨਾ ਨਾਲ ਦੇਖਦਾ ਹੈ ਤਾਂ ਸੰਨਿਆਸੀਆਂ ਵਾਲਾ ਭੇਖ ਧਾਰਨ ਨਾਲ ਸ਼ਾਂਤੀ ਨਹੀਂ ਹੋ ਸਕਦੀ, ਸਗੋਂ ਵਧੇਰੇ ਦੁਖੀ ਹੋਈਦਾ ਹੈ ਜਿਵੇਂ ਗੁਰਦੇਵ ਜੀ ਦਾ ਪਵਿੱਤਰ ਵਾਕ ਹੈ :—

ਬਨਿਤਾ ਛੋਡਿ, ਬਦ ਨਦਰਿ ਪਰ ਨਾਰੀ ॥
ਵੇਸਿ ਨ ਪਾਈਐ, ਮਹਾ ਦੁਖਿਆਰੀ ॥
(ਪੰਨਾ ੧੩੪੮)

ਸੋ ਅਸਲੀ ਜਤੀ ਦੀ ਪ੍ਰਭਾਸ਼ਾ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਰਚੀਆਂ ਹੋਈਆਂ ਵਾਰਾਂ ਵਿਚ ਅੰਕਤ ਕੀਤਾ ਹੈ :—

ਵੇਖ ਪਰਾਈਆਂ ਚੰਗੀਆਂ,
ਮਾਵਾਂ, ਭੈਣਾਂ ਧੀਆਂ ਜਾਣੇ ॥
ਏਕਾ ਨਾਰੀ ਜਤੀ ਹੋਇ,
ਪਰ ਨਾਰੀ ਧੀ ਭੈਣ ਵਖਾਣੇ ॥

ਇਸੇ ਤਰ੍ਹਾਂ ਤੀਰ-ਥਯਾਤਰਾ (ਇਸ਼ਨਾਨ) ਆਦਿ ਕਰਮ ਕਰਨ ਨਾਲ ਮੁਕਤੀ ਨਹੀਂ ਹੁੰਦੀ। 'ਅੰਤਰਿਗਤਿ ਤੀਰਥ' ਉਤੇ ਇਸ਼ਨਾਨ ਕਰਨਾ ਤੇ ਸਾਈਂ ਨਾਲ ਜੁੜਨਾ ਇਹ ਆਤਮਕ ਸੁਧੀ ਵਾਲਾ ਇਸ਼ਨਾਨ ਹੈ। ਨਾਖ਼ਨ (ਨਹੁੰ) ਵਧਾਉਣ ਨਾਲ ਨਾ ਕੋਈ ਸਰੀਰਕ ਲਾਭ ਹੈ ਨਾ ਮਾਨਸਿਕ, ਇਸ ਲਈ ਇਹ ਵੀ ਫੋਕਟ ਕਰਮ ਹੈ। ਇਸ ਨਾਲੋਂ ਆਪਣੇ ਨੇਮ (ਨਾਮ ਅਭਿਆਸ ਕਮਾਈ) ਨੂੰ ਵਧਾਉਣਾ ਹੀ ਆਤਮਕ ਕਲਿਆਨ ਲਈ ਗੁਣਕਾਰੀ ਹੋ ਸਕਦਾ ਹੈ। ਫਿਰ ਹਰੇਕ (ਜਣੇ-ਖਣੀ, ਕੱਚੇ ਪਿਲਿਆਂ) ਨੂੰ ਗੁਰੂ ਧਾਰਨ ਕਰਨਾ ਵੀ ਵਡੀ ਭੁਲ ਹੈ। ਕੱਚੇ ਗੁਰੂਆਂ ਦੇ ਗਿਆਨ ਨਾਲ ਸੰਸਾਰੀ ਬੰਧਨਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਇਸ ਲਈ ਆਤਮਕ ਗਿਆਨ ਦੀ ਪ੍ਰਾਪਤੀ ਲਈ ਪਰਮ ਪੁਰਖ (ਪੂਰਨ ਗੁਰੂ) ਦੇ ਗਿਆਨ ਨੂੰ ਗ੍ਰਹਿਣ ਕਰਨਾ ਅਤੇ ਉਸ ਉਪਦੇਸ਼ ਨਾਲ ਮਨ ਨੂੰ ਮਾਇਆ-ਮੋਹ ਦੀ ਨਿੰਦਰਾ ਤੋਂ ਜਾਗਰਤ ਅਵਸਥਾ ਵਿਚ ਲਿਆਉਣਾ ਚਾਹੀਦਾ ਹੈ। ਇਸ ਨਾਲ ਆਤਮ-ਖੇੜਾ ਹੁੰਦਾ ਹੈ। ਸਾਰੇ ਪਿੰਡੇ ਦੇ ਅੰਗਾਂ ਤੇ ਸੁਆਹ ਮਲ ਕੇ ਕੁਰੂਪ ਬਣਨ ਨਾਲ ਦੇਹ-ਅਧਿਆਸ ਦੀ ਨਵਿਰਤੀ ਨਹੀਂ ਹੋ ਸਕਦੀ। ਇਸ ਤਰ੍ਹਾਂ ਸਰੀਰ ਨੂੰ ਕੋਹਝਾ ਬਨਾਉਣ ਦੀ ਥਾਂ ਇਸ ਨੂੰ ਨਾਮ ਰੂਪੀ ਸੁਗੰਧੀ ਨਾਲ ਸੁਗੰਧਤ ਕਰਨ ਦੀ ਲੋੜ ਹੈ। ਇਹੋ ਸੱਚਾ ਸੰਨਿਆਸ ਹੈ।

ਗੁਰਦੇਵ ਜੀ ਨੇ ਆਰੰਭਕ ਸ਼ਬਦ ਦੀਆਂ ਅੰਤਮ ਪੰਕਤੀਆਂ ਵਿਚ ਇਕ ਸਰਬ ਸਾਂਝਾ ਉਪਦੇਸ਼ ਦਿੱਤਾ ਹੈ। ਸਚਮੁਚ ਜੇ ਕੋਈ ਜਗਿਆਸੂ ਇਨ੍ਹਾਂ ਦੈਵੀ ਗੁਣਾਂ ਦਾ ਸੰਗ੍ਰਹਿ ਕਰਕੇ ਮਨੁੱਖੀ ਜੀਵਨ ਦਾ ਨਿਰਬਾਹ ਕਰੇ ਤਾਂ ਨਿਰਸੰਦੇਹ ਇਹ ਆਖਿਆ ਜਾ ਸਕਦਾ ਹੈ ਕਿ ਮਨੁੱਖ ਆਤਮਕ ਅਵਸਥਾ ਦੀ ਉਸ ਟੀਸੀ ਤੇ ਪਹੁੰਚ ਜਾਂਦਾ ਹੈ ਜਿਥੇ ਨਿਰਾ ਨੂਰ ਹੀ ਨੂਰ ਹੈ ਭਾਵ 'ਜੋਤਿ ਦਰਸ਼ਨ' ਦੀ ਸਥਿਤੀ ਹੋ ਜਾਂਦੀ ਹੈ।

ਸੋ ਅੰਤ ਵਿਚ ਸਾਰੀ ਵਿਚਾਰ ਦਾ ਸਿੱਟਾ ਇਹ ਇਹ ਹੈ ਕਿ ਸਾਨੂੰ 'ਆਤਮ-ਦਰਸ਼ਨ' ਲਈ ਆਪਣੀਆਂ ਮਾਨਸਿਕ ਖ਼ਾਹਿਸ਼ਾਂ ਉਤੇ ਪੂਰੀ ਤਰ੍ਹਾਂ ਕਾਬੂ ਪਾਉਣਾ ਚਾਹੀਦਾ ਹੈ ਅਤੇ ਵਾਹਿਗੁਰੂ ਨਾਮ ਨੂੰ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ। ਜੇ ਅਸੀਂ ਗੁਰਦੇਵ ਜੀ ਦੇ ਦਸੇ ਹੋਏ ਉਪਦੇਸ਼ਾਂ ਨੂੰ ਕਮਾਉਣ ਵਿਚ ਜੁੱਟ ਜਾਈਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਹਿਜ ਸੁਭਾਵਕ ਹੀ ਅਸੀਂ ਪਰਮ ਪਦਵੀ ਨੂੰ ਪ੍ਰਾਪਤ ਹੋ ਜਾਵਾਂਗੇ, ਭਾਵ ਅਨੰਦੀ ਸਾਹਿਬ ਨਾਲ ਮਿਲ ਕੇ ਇਕ-ਮਿੱਕ ਹੋ ਜਾਵਾਂਗੇ।



www.AKJ.Org

ਹੈ ਹਜੂਰਿ, ਕਤ ਦੂਰ ਬਤਾਵਹੁ ॥
ਦੁੰਦਰ[1] ਬਾਂਧਹੁ ਸੁੰਦਰ[2] ਪਾਵਹੁ ॥
(ਪੰਨਾ ੧੧੬੦)

— —

ਈਧਨੁ[3] ਅਧਿਕ[4] ਸਕੇਲੀਐ[5] ਭਾਈ !
ਪਾਵਕੁ[9] ਰੰਚਕ[7] ਪਾਇ ॥
ਖਿਨੁ ਪਲੁ ਨਾਮੁ ਰਿਦੈ ਵਸੈ ਭਾਈ !
ਨਾਨਕ ਮਿਲਣੁ ਸੁਭਾਇ ॥ (ਪੰ: ੬੩੭)

----


## ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ। ਮਿਆਨ ਸਰਬ ਲੋਹ ਯਾ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ।

ਇੰਦਰਜੀਤ ਸਿੰਘ,
ਕਿਰਪਾਨਾਂ ਵਾਲੇ
2 ਅਜੀਤ ਨਗਰ, ਅੰਮ੍ਰਿਤਸਰ,


1. ਮਨ ਵਿਚ ਸ਼ੋਰ ਮਚਾਉਣ ਵਾਲੇ ਕਾਮ, ਕ੍ਰੋਧ ਆਦਿਕ। 2. ਸੁੰਦਰ ਪਰਮਾਤਮਾ ਨੂੰ। 3. ਬਾਲਣ, ਲਕੜਾਂ ਆਦਿ। 4. ਬਹੁਤ। 5. ਇਕੱਠੀਆਂ ਕਰੀਏ ਭਾਵ ਢੇਰ ਲਾ ਦੇਈਏ। 6. ਅਗਨੀ। 9. ਥੋੜ੍ਹੀ ਜਿਹੀ।



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸੰਖੇਪ ਜੀਵਨ

੧. ਜਨਮ—ਪਟਨਾ ਸਾਹਿਬ, ਪੋਹ ਸੁਦੀ ਸਤਮੀ ਸੰਮਤ ੧੭੨੩ ਪੋਹ ਦੀ ੨੩ ਤਰੀਕ (Dee. 1966 A. D.) ਪੰਜ ਸਾਲ ਦੀ ਉਮਰ ਤਕ ਏਥੇ ਰਹੇ, ਪੰਡਤ ਸ਼ਿਵ ਦੱਤ, ਰਾਜਾ ਫ਼ਤਹ ਚੰਦ ਤੇ ਉਸ ਦੀ ਰਾਣੀ ਏਥੋਂ ਦੇ ਵਸਨੀਕਾਂ ਵਿਚੋਂ ਪਰਸਿੱਧ ਸ਼ਰਧਾਲੂ ਸਨ। ਅਨੰਦਪੁਰ ਅਪੜਨ ਵਿਚ ਇਕ ਸਾਲ ਲੱਗਾ।

੨. ੬ ਸਾਲ ਦੀ ਉਮਰ ਤੋਂ ੧੮ ਸਾਲ ਦੀ ਉਮਰ ਤੱਕ ੧੨ ਸਾਲ ਅਨੰਦਪੁਰ ਰਹੇ।

(ੳ) ਦਸੰਬਰ 1675 A. D, ਵਿਚ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋਏ।

(ਅ) ਗੁਰੂ ਬਣ ਕੇ, ਬੀਰ-ਰਸ ਦੇ ਸਾਹਿਤ ਲਈ ੫੨ ਕਵੀ ਰੱਖੇ, ਸਿੱਖਾਂ ਨੂੰ ਸ਼ਸਤਰ ਵਿਦਿਆ ਦਾ ਸ਼ੌਂਕ ਪਾਇਆ, 'ਰਣਜੀਤ' ਨਗਾਰਾ ਤਿਆਰ ਕਰਵਾਇਆ।

੩. ਸਤੰਬਰ 1684 A. D. ਤੋਂ ਅਕਤੂਬਰ 1687 ਤਕ ਰਿਆਸਤ ਨਾਹਨ ਵਿਚ ਰਹੇ।

(ੳ) ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਅਤੇ ਸਿਰੀ ਨਗਰ ਦੇ ਰਾਜੇ ਫ਼ਤਹ ਸ਼ਾਹ ਦੀ ਸੁਲਹ ਕਰਾਈ (ਰਿਆਸਤ ਸਿਰੀ ਨਗਰ ਜਮਨਾ ਤੋਂ ਪਾਰਲੇ ਪਾਸੇ)।

(ਅ) ਗੁਰਦੁਆਰਾ 'ਪਾਉਂਟਾ' ਸਾਹਿਬ ਜਮਨਾ ਦੇ ਕੰਢੇ ਬਣਾਇਆ, ਸਿਖ ਕੌਮ ਵਿਚ ਬੀਰ-ਰਸ ਪੈਦਾ ਕਰਨ ਲਈ ਏਥੇ ਉਤਸ਼ਾਹ-ਜਨਕ ਕਵਿਤਾਵਾਂ ਦੇ 'ਕਵੀ ਦਰਬਾਰ' ਲਾਏ ਜਾਂਦੇ ਸਨ। ਜਾਪੁ, ਸਵਈਏ, ਅਤੇ ਅਕਾਲ ਉਸਤਿਤ 'ਬਾਣੀਆਂ' ਰਚੀਆਂ।

(ੲ) ਸਾਢੌਰੇ (ਜੋ ਏਥੋਂ ੧੫ ਕੋਹ ਦੀ ਵਿੱਥ ਹੈ) ਪੀਰ ਸੱਯਦ ਬੁਧੂ ਸ਼ਾਹ ਸੇਵਕ ਬਣਿਆ। ਇਸ ਪੀਰ ਜੀ ਦੀ ਸਿਫਾਰਸ਼ ਤੇ ੫੦੦ ਪਠਾਣ, ਜੋ ਸ਼ਾਹੀ ਫੌਜ ਵਿਚੋਂ ਕਢੇ ਹੋਏ ਸਨ ਤੇ ਬੇਰੁਜ਼ਗਾਰ ਫਿਰਦੇ ਸਨ, ਨੌਕਰ ਰੱਖੇ।

(ਸ) ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮਰਾਇ ਜੀ, ਜੋ ਹੁਣ ਆਪਣੇ ਮਸੰਦਾਂ ਤੋਂ ਤੰਗ ਆਏ ਹੋਏ ਸਨ, ਏਥੇ ਆ ਕੇ ਮਿਲੇ।

(ਹ) ੫ ਮਈ 1687 A. D. ਨੂੰ 'ਭੰਗਾਣੀ' ਦਾ ਜੰਗ ਹੋਇਆ। ਕਹਿਲੂਰ ਦੇ ਰਾਜੇ ਨੇ ਪਹਾੜੀ ਰਾਜਿਆਂ ਨੂੰ ਨਾਲ ਰਲਾ ਕੇ ਸਿਰੀ ਨਗਰ ਰਿਆਸਤ ਤੋਂ ਮੁੜਦਿਆਂ ਸਤਿਗੁਰੂ ਜੀ ਉਤੇ ਹਲਾ ਬੋਲ ਦਿਤਾ, ਪਰ ਹਾਰ ਖਾਧੀ।

ਅਕਤੂਬਰ 1687 A. D. ਵਿਚ ਵਾਪਸ ਅਨੰਦਪੁਰ ਮੁੜੇ।

੪. ਅਕਤੂਬਰ 1687 A. D. ਤੋਂ ਦਸੰਬਰ 1704 A. D. ਤਕ ੧੭ ਸਾਲ ਅਨੰਦਪੁਰ ਰਹੇ।

(ੳ) 1689 A. D. ਵਿਚ 'ਨਦੌਣ' ਦਾ ਜੰਗ, ਜੰਮੂ ਦੇ ਨਵਾਬ ਅਲਫ਼ ਖਾਂ ਨਾਲ ਹੋਇਆ। ਇਹ ਨਵਾਬ ਪਹਾੜੀਆਂ ਉਤੇ ਚੜ੍ਹ ਆਇਆ ਸੀ।

(ਅ) 1690 A. D. 'ਹੁਸੈਨੀ' ਜੁੱਧ ਹੋਇਆ। ਰਾਜੇ ਹੁਸੈਨੀ ਨੂੰ ਚੜ੍ਹਾ ਲਿਆਏ ਸਨ।



www.AKJ.Org

(ੲ) ਪੰਜ ਸਿਖਾਂ ਨੂੰ ਬਨਾਰਸ ਸੰਸਕ੍ਰਿਤ ਪੜ੍ਹਨ ਭੇਜਿਆ।

(ਸ) ਭਾਈ ਨੰਦ ਲਾਲ ਜੀ ਸਿੱਖ ਬਣੇ

(ਹ) 13 ਅਪਰੈਲ 1699 ਵੈਸਾਖੀ ਵਾਲੇ ਦਿਨ 'ਅੰਮ੍ਰਿਤ' ਛਕਾ ਕੇ 'ਖਾਲਸਾ' ਪੰਥ ਤਿਆਰ ਕੀਤਾ।

(ਕ) ਹੋਲੀਆਂ ਦੇ ਥਾਂ, ਸ਼ਸਤਰ ਵਿਦਿਆ ਦੇ ਅਭਿਆਸ ਲਈ 'ਹੋਲਾ' ਜਾਰੀ ਕੀਤਾ।

(ਖ) ਰਾਜਿਆਂ ਦੀ ਛੇੜ ਖਾਨੀ, 1700, 1701, 1702 ਅਤੇ 1703 ਵਿਚ ਇਹਨਾਂ ਨਾਲ ਚਾਰ ਲੜਾਈਆਂ ਹੋਈਆਂ।

(ਗ) 1704 A. D. ਵਿਚ ਰਾਜੇ, ਸ਼ਾਹੀ ਫੌਜ, ਸਰਹੰਦ ਦਾ ਸੂਬਾ ਇਹਨਾਂ ਸਾਰੀਆਂ ਫੋਜਾਂ ਨੇ 6 ਮਹੀਨੇ ਅਨੰਦਪੁਰ ਦਾ ਘੇਰਾ ਪਾਈ ਰੱਖਿਆ। 20-21 ਦਸੰਬਰ (੬-੭ ਪੋਹ) ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਛਡਿਆ।

੫. (ੳ) 22 ਦਸੰਬਰ 1704 A. D. ਨੂੰ ਚਮਕੌਰ ਦੀ ਲੜਾਈ ਹੋਈ ਵੱਡੇ ਸਾਹਿਬਜ਼ਾਦੇ ਇਥੇ ਸ਼ਹੀਦ ਹੋਏ।

(ਅ) ਖਾਲਸੇ ਨੂੰ ਚਮਕੌਰ ਦੀ ਗੜ੍ਹੀ ਵਿਚ 'ਗੁਰਿਆਈ' ਦਿਤੀ।

(ੲ) 'ਮਾਛੀਵਾੜੇ' ਤੋਂ ਉੱਚ ਦੇ ਪੀਰ, 'ਹੇਹਰਾਂ' ਤਕ; ਏਥੋਂ ਜੱਟਪੁਰੇ, ਏਥੋਂ ਦੇ ਚੌਧਰੀ ਰਾਇ ਕੱਲੇ ਨੇ 'ਮਾਹੀ' ਹਰਕਾਰੇ ਨੂੰ ਸਰਹੰਦ ਭੇਜਿਆ।

(ਸ) 27 ਦਸੰਬਰ 1704 A. D. ਨੂੰ ਛੋਟੇ ਸਾਹਿਬਜ਼ਾਦੇ ਸਰਹੰਦ ਵਿਚ ਸ਼ਹੀਦ ਹੋਏ।

(ਹ) ਔਰੰਗਜ਼ੇਬ ਵੱਲ ਫ਼ਾਰਸੀ ਵਿਚ ਚਿੱਠੀ 'ਜ਼ਫ਼ਰਨਾਮਾ' ਦੀਨੇ ਪਿੰਡ ਲਿਖਿਆ, ਭਾ: ਦਇਆ ਸਿੰਘ ਲੈ ਕੇ ਗਿਆ।

(ਕ) 8 ਮਈ 1705 A. D. (੨੧ ਵੈਸਾਖ ੧੭੬੨ 'ਮੁਕਤਸਰ' ਦਾ ਜੰਗ ਹੋਇਆ।

੬. (ੳ) ਮਈ 1705 A. D. ਤੋਂ ਅਕਤੂਬਰ 1706 ਤਕ 'ਤਲਵੰਡੀ ਸਾਬੋ ਕੀ' ਰਹੇ।

(ਅ) ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਾਈ।

(ੲ) ਅਕਤੂਬਰ 1706 ਤੋਂ ਨਵੰਬਰ 1708 ਤਕ ਪੰਜਾਬੋਂ ਬਾਹਰ ਦੱਖਣ ਵਲ ਤਿਆਰੀ।

(ਸ) ਰਾਜਪੂਤਾਨੇ ਵਿਚ 'ਬਘੌਰ' ਦੇ ਪਾਸ ਔਰੰਗਜ਼ੇਬ ਦੀ ਮੌਤ ਦੀ ਖ਼ਬਰ।

(ਹ) ਬਹਾਦਰ ਸ਼ਾਹ ਦੀ ਮਦਦ, ਆਗਰੇ ਵਲ ਮੁੜੇ, ਅਗਸਤ 1707 ਤੋਂ ਨਵੰਬਰ 1707 ਤਕ ਏਥੇ ਰਹੇ, ਬਹਾਦਰ ਸ਼ਾਹ ਪਾਸ।

(ਕ) ਬਹਾਦਰ ਸ਼ਾਹ ਦੇ ਨਾਲ ਦੱਖਣ ਨੂੰ (੧੩ ਮਹੀਨੇ ਨਾਲ ਰਹੇ) ਅਗਸਤ 1707 ਤੋਂ ਸਤੰਬਰ 1708 ਤਕ।

(ਖ) ਸਤੰਬਰ 1708 ਵਿਚ 'ਨਦੇੜ' ਅਪੜੇ, ਬੈਰਾਗੀ ਲਛਮਨ ਦਾਸ ਨੂੰ ਮਿਲੇ, ਇਸਨੂੰ ਸਿੰਘ ਬਣਾਇਆ, ਜੋ ਬਾਬਾ 'ਬੰਦਾ ਸਿੰਘ' ਬਣਿਆ।

(ਗ) ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰਿਆਈ।



www.AKJ.Org

ਕਤਕ ਸੁਦੀ ੫, ੧੭੬੫ (ਨਵੰਬਰ 1708 ਜੋਤੀ ਜੋਤ ਸਮਾਏ । ਸੂਬਾ ਸਰਹੰਦ ਦੇ ਭੇਜੇ ਹੋਏ ਦੋ ਮੁਸਲ-ਮਾਨਾਂ ਨੇ ਸੁਤੇ ਪਿਆਂ ਤੇ ਕਾਇਰਤਾ ਦਾ ਵਾਰ ਕੀਤਾ ਸੀ।

| | |
|---|---|
| ਜਨਮ— | 22 ਦਸੰਬਰ 1666 A. D. |
| ਜੋਤੀ ਜੋਤ | ਨਵੰਬਰ 1708 A. D. |
| ਕੁਲ ਉਮਰ ੪੨ ਸਾਲ। | |
| ਪਟਨੇ— | ੫ ਸਾਲ। |
| ਰਾਹ ਵਿਚ— | ੧ ਸਾਲ। |
| ਅਨੰਦਪੁਰ— | ੧੨ ਸਾਲ |
| ਨਾਹਨ— | ੩ ਸਾਲ |
| ਫਿਰ ਅਨੰਦਪੁਰ | ੧੭ ਸਾਲ। |
| ਰਾਹ ਤੇ ਤਲਵੰਡੀ ਸਾਬੋ— | ੨ ਸਾਲ |
| ਪੰਜਾਬੋਂ ਬਾਹਰ | ੨ ਸਾਲ। |
| | ਜੋੜ ੪੨ ਸਾਲ। |

# ਰਿਸ਼ਤੇ ਨਾਤੇ

ਇਕ ਤਿਆਰ ਬਰ ਤਿਆਰ ਗੁਰਸਿਖ ਬੀਬੀ ਲਈ ਵਰ ਦੀ ਲੋੜ ਹੈ। ਬੀਬੀ ਦਾ ਵਿਆਹ ਪਹਿਲਾਂ ਹੋਇਆ ਸੀ ਤੇ ਕੋਈ ਇਕ ਦੋ ਸਾਲ ਆਪਣੇ ਘਰ ਵਸੀ। ਪਰ ਘਰ ਵਾਲਾ ਸ਼ਰਾਬੀ, ਕਬਾਬੀ ਸੀ ਤੇ ਬੀਬੀ ਗੁਰਸਿਖੀ ਨੂੰ ਪਿਆਰ ਕਰਨ ਵਾਲੀ ਹੋਣ ਕਾਰਨ ਕਠ ਨਾ ਨਿਭਿਆ। ਬੀਬੀ ਦੇ ਪਤੀ ਨੇ ਹੋਰ ਵਿਆਹ ਕਰਵਾ ਲਿਆ ਹੈ।

ਬੀਬੀ ਬਾਰੇ ਸਮਾਚਾਰ :—

| | |
|---|---|
| ਉਮਰ | ... 21 ਸਾਲ। |
| ਪੜ੍ਹਾਈ | ... ਅਠਵੀਂ ਪਾਸ। |
| ਕਦ | ... 5½ ਫੁਟ। |
| ਸਿਹਤ | ... ਚੰਗੀ, ਸੁੰਦਰ ਤੇ ਸੁਸ਼ੀਲ। |

ਹੋਰ ਤਿਆਰ ਬਰ ਤਿਆਰ ਦਸਤਾਰੇ ਵਾਲੀ, ਨਿਤਨੇਮਣ, ਘਰ ਦੇ ਕੰਮ ਕਾਜ ਤੋਂ ਜਾਣੂ।

ਚਿੱਠੀ ਪੱਤ੍ਰ ਐਡੀਟਰ ਸੂਰਾ ਨਾਲ ਹਵਾਲਾ ਨੰ: 51 ਤੇ ਕੀਤੀ ਜਾਏ।



www.AKJ.Org

# ਭਾਈ ਸਾਹਿਬ ਨੰਦ ਲਾਲ ਸਿੰਘ ਜੀ ਦੀ ਗਜ਼ਲ

ਦੀਨ ਓ ਦੁਨੀਆ ਦਰ ਕਮੰਦੇ, ਆਂ ਪਰੀ ਰੁਖਸਾਰੇ ਮਾ।
ਹਰ ਦੋ ਆਲਮ ਕੀਮਤੇ, ਯਕ ਤਾਰੇ ਮੂਏ ਯਾਰੇ ਮਾ।
ਮਾ ਨਮੇ ਆਰੇਮ ਤਾਬੇ, ਗ਼ਮਜਏ ਮਿਜ਼ਗਾਨੇ ਊ।
ਯੱਕ ਨਿਗਾਹੇ ਜਾਂ ਫ਼ਿਜ਼ਾਇਸ਼, ਬਸ ਬਵਦ ਦਰਕਾਰੇ ਮਾ।
ਗਾਹੇ ਸੂਫ਼ੀ ਗਾਹੇ ਜ਼ਾਹਿਦ, ਗਹ ਕਲੰਦਰ ਮੇ ਸ਼ਵਦ।
ਰੰਗਹਾਏ ਮੁਖਤਲਿਫ਼, ਦਾਰਦ ਬੁਤੇ ਅਯਾਰਿ ਮਾ।
ਕਦਰੇ ਲਾਲੇ ਊ ਬਜੁਜ਼, ਆਸ਼ਕ ਨਦਾਨਦਹੇਚ ਕਸ।
ਕੀਮਤੇ ਯਾਕੂਤ ਦਾਨਦ, ਚਸ਼ਮੇ ਗੌਹਰਬਾਰਿ ਮਾ।
ਹਰ ਨਫ਼ਸ 'ਗੋਯਾ' ਬਯਾਦੇ, ਨਰਗਸੇ ਮਖਮੂਰੇ ਊ।
ਬਾਦਹਾਏ ਸ਼ੌਕ ਮੇ ਨੋਸ਼ਦ ਦਿਲੇ ਹੁਸ਼ਿਆਰ ਮਾ।

## ਸਾਰੀ ਗਜ਼ਲ ਦਾ ਪੰਬਾਬੀ ਕਾਵਿ ਵਿਚ ਭਾਵ ਉਲਥਾ

(ਭਾਈ ਸਾਹਿਬ ਹਰਨਾਮ ਸਿੰਘ ਜੀ 'ਕੋਮਲ')

ਦੀਨ ਤੇ ਦੁਨੀਆ ਖੰਨੀਏ ਕੀਤੇ, ਮੋਹਨ ਮੁਖ ਰਬਾਨੀ ਤੋਂ।
ਦੋਵੇਂ ਆਲਮ ਸੱਦਕੇ ਥੀਵਨ, ਇਕ ਰੁਮਾਵਲ ਜਾਨੀ ਤੋਂ।
ਅੱਖ ਮਟੱਕੇ ਪਿਆਰੇ ਸੰਦੀ, ਝਾਲ ਨਾ ਝਲੀ ਜਾਂਦੀ ਏ।
ਜਿੰਦ ਅਸਾਂ ਦੀ ਝੂਮ ਝੁਮਾਏ, ਇਕੋ ਝਾਤ ਨੂਰਾਨੀ ਤੋਂ।
ਜ਼ਾਹਿਦ, ਸੂਫ਼ੀ ਮਸਤ ਕਲੰਦਰ, ਚੋਜੀ ਰੰਗ ਵਟਾਂਦਾ ਏ।
ਲਾਲ ਰੰਗੀਲਾ ਬਹੁ ਰੰਗ ਖੇਲੇ, ਸਦਿਕੇ ਲਾ ਮਕਾਨੀ ਤੋਂ।
ਉਸ ਲਾਲਨ ਦੀ ਕਦਰ ਕੀ ਜਾਣਨ, ਇਸ਼ਕ ਮੁਸ਼ਕ ਤੋਂ ਬਹਿਰ ਜੋ।
ਰਤਨਾਂ ਸਾਰ ਅਮੋਲੀ ਪੈਂਦੀ, ਜੌਹਰੀ ਨਿਗਾਹ ਲਾਸਾਨੀ ਤੋਂ।
ਨਰਗਜ ਨੈਣ ਰਸੀਲੇ 'ਕੋਮਲ' ਹਰ ਸੀਨਾ ਦਿਲ ਸ਼ਾਦ ਕਰਨ।
ਪ੍ਰੇਮ ਸੁਧਾ ਰਸ ਪੀਵਨ ਜੀਵਨ, ਹਰਦਮ ਮੇਹਰ ਰਬਾਨੀ ਤੋਂ।

---



www.AKJ.Org

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ

ਦਾ

# ਭਾਰੀ ਸਮਾਗਮ ਲੁਧਿਆਣੇ ਵਿਖੇ

ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਲੁਧਿਆਣੇ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸ਼ਵ ਦੇ ਮੌਕੇ ਤੇ ਅਖੰਡ ਕੀਰਤਨ ਸਮਾਗਮ 22-12-71 ਤੋਂ 25-12-71 ਤਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਣਾ ਨੀਅਤ ਹੋਇਆ ਹੈ । ਸਰਬ ਅਖੰਡ ਕੀਰਤਨੀ ਜਥਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ 21-12-71 ਸ਼ਾਮ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲੁਧਿਆਣੇ ਵਿਖੇ ਪਹੁੰਚ ਕੇ ਦਾਸਾਂ ਨੂੰ ਕ੍ਰਿਤਾਰਥ ਕਰਨ । ਬਿਸਤਰੇ ਲੋੜ ਅਨੁਸਾਰ ਲਈ ਆਵਣੇ ਜੀ ।

ਅੰਮ੍ਰਿਤ ਸੰਚਾਰ 24-12-71 ਨੂੰ ਦੁਪਹਿਰ ਵੇਲੇ ਅਰੰਭ ਹੋਵੇਗਾ ।

ਇਹ ਸਮਾਗਮ ਸ੍ਰੀ ਬਾਬੂ ਮਲ ਸਿੰਘ ਜੀ ਦੀ ਆਗਿਆ ਨਾਲ ਹੋ ਰਿਹਾ ਹੈ ।

## ਪ੍ਰੋਗਰਾਮ

| | |
|---|---|
| 22—12—71<br>ਵੀਰਵਾਰ | 4—30 ਤੋਂ 7—30 ਸਵੇਰੇ ਆਸਾ ਜੀ ਦੀ ਵਾਰ ।<br>7—30 ਤੋਂ 8—00 ਸਵੇਰੇ ਅਰੰਭ ਅਖੰਡ ਪਾਠ ।<br>6—30 ਤੋਂ 7—00 ਸ਼ਾਮ ਕੀਰਤਨ ਸੋਦਰ, ਗੁਰਦੁਆਰਾ ਅਕਾਲੀਆਂ ਨਾਰੰਗਵਾਲ । |
| 23—12—71<br>ਸ਼ੁਕਰਵਾਰ | 6—00 ਤੋਂ 12—00 ਸਵੇਰੇ ਅਖੰਡ ਕੀਰਤਨ 79, ਮਾਡਲ ਟਾਊਨ ਲੁਧਿਆਣਾ ।<br>7—00 ਤੋਂ 9—30 ਸ਼ਾਮ ਅਖੰਡ ਕੀਰਤਨ ਗੁਰਦੁਆਰਾ ਸਾਹਿਬ ਨਿਊ ਮਾਡਲ ਟਾਊਨ । |
| 24—12—71<br>ਸਨਿਚਰਵਾਰ | 5—30 ਤੋਂ 6—00 ਸਵੇਰੇ ਭੋਗ ਸ੍ਰੀ ਅਖੰਡ ਪਾਠ ।<br>6—00 ਤੋਂ 12—00 ਸਵੇਰੇ ਅਖੰਡ ਕੀਰਤਨ ।<br>3—00 ਸ਼ਾਮ ਅੰਮ੍ਰਿਤ ਸੰਚਾਰ ।<br>8—00 ਸ਼ਾਮ ਅਰੰਭ ਰੈਣ ਸਬਾਈ ਕੀਰਤਨ । |
| 25—12—71<br>ਐਤਵਾਰ | 8—00 ਸਵੇਰੇ ਸਮਾਪਤੀ । |

ਦਰਸ਼ਨਾਂ ਦੇ ਅਭਿਲਾਖੀ :–

ਅਖੰਡ ਕੀਰਤਨੀ ਜਥਾ, ਲੁਧਿਆਣਾ ।



www.AKJ.Org

# ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ

—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਨੈਨ ਮਿਚ ਰਹੇ ਪਿਖਿ ਝਲਕ ਜ਼ਹੂਰ ਨੂਰ,
ਖਿਚਿ ਰਹੀ ਘਟਿ ਤਸਵੀਰ ਅਕਸੀਰੜੀ।
ਅਖੀਆਂ ਉਘੜੀਆਂ ਨ ਮੁੜੀਆ ਸੁਰਤਿ ਲਿਵ,
ਲੱਗ ਰਹੀ ਤਾੜੀ ਜੋਤਿ ਰਸਕਿ ਰਸੀਰੜੀ।
ਪੂਰਿ ਰਹੀ ਦਿੱਬਯ ਜੋਤਿ ਨਭ ਅਤੇ ਨਭ ਵਿਖੇ,
ਅਧਿਭੁਤ ਝਾਰੀ ਰਸ ਜੋਤ ਬਿਸਮੀਰੜੀ।
ਰਸੀਆ ਰਸਾਲੂ ਝਾਲੂ ਰਮਿ ਸੇਜੜੀ ਤੇ ਭੋਗ ਲਾਵੇ,
ਆਤਮ-ਅਨੰਦ ਭੋਗ ਗਤਿ ਅਜਬੀਰੜੀ।

— —

ਆਤਮ ਸੰਜੋਗ ਭੋਗ ਸਿਰਜਨ ਸੁਹਾਗ ਭਾਗ,
ਅਮੀ ਅੰਸ ਜਾਗ ਲਾਏ ਤੇਜ ਵਿਦਤਾਏ ਹੈਂ।
ਸਰਧਨ ਸਰਧਾਲੂ ਜੋਤਿ ਜਗਤ ਜਗਾਲੂ ਜਨਾ,
ਸਨਮੁਖ ਹੋਇ ਦਿਬ ਦਰਸ ਦਿਖਾਏ ਹੈਂ।
ਰਾਵਲ ਰਸਾਲੂ ਜਲਵੇਸ਼ ਸੁੰਦਰੇਸ਼ ਸਰੂਪ,
ਜੋਤਿ ਪਰਚੰਡ ਕਰਿ ਆਪ ਪਰਗਟਾਏ ਹੈਂ।
ਗੁਰਮੁਖ ਅਨਿੰਨ ਸਿਖਨ ਕੇ ਰਿਦੇ ਮਝਾਰ,
ਧਾਰਿ ਅਵਤਾਰ ਕਲਗੇਸ਼ ਗੁਰੂ ਆਏ ਹੈਂ।

— —

ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।
ਓਹ ਅਬਨਾਸ਼ੀ ਪੁਰਖੁ ਹੈ ਸਭਿ ਮਹਿ ਰਹਿਆ ਸਮਾਇ।

ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਸਤਿਗੁਰ ਮੇਰਾ, ਹਾਂ ਜੀ ! ਮੇਰਾ ਨਾਨਕ ਦਸਮੇਸ਼ ਗੁਰੂ ਜਗਤੇਸ਼ ਦਸਮੇਸ਼ ਗੁਰੂ, ਜਗਤਿ ਗੁਰੂ ਨਾਨਕ ਕਲਗੇਸ਼ ਗੁਰੂ ਸਦਾ ਸਦਾ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਸਭ ਮੇ ਭਰਪੂਰ ਸਾਖਾਸ਼ਤ ਨੂਰੋ ਨੂਰ ਹੈ। ਸਦਾ ਹਾਜ਼ਰ ਹੈ। ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ :—'ਏਕੈ ਆਵਨ ਫਿਰਿ ਜੋਨਿ ਨ ਆਇਆ' ਦੇ ਭਾਵ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਾਨੁਖ ਜਾਮੇ ਵਿਚ ਅਵਤਾਰ ਧਾਰ ਕੇ ਆਇਆ। ਤਾਂ ਸਿਰਫ਼ 'ਜੀਆ ਦਾਨ ਦੇਇ ਭਗਤੀ ਲਾਇਨ' ਨਮਿਤ ਸਚਾ ਪਰਉਪਕਾਰੀ ਬਣ ਕੇ ਆਇਆ। ਬਹੁੜਿ ਅਜਿਹੀ ਆਵਣੀ ਦੀ ਲੋੜ ਉਸ ਨੂੰ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ। ਸਭਿ ਮੇ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ। ਸਦਾ ਹਾਜ਼ਰ ਨਾਜ਼ਰ ਅਬਿਨਾਸ਼ੀ ਪੁਰਖ ਹੈ। ਜੋਤਿ ਜਾਮੇ ਵਿਚ ਪ੍ਰਗਟ ਹੋਇਆ ਅਨਿਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ ਕਰਨਹਾਰਾ ਹੈ। ਉਸ ਨੂੰ ਬਹੁੜ ਮਾਨੁਸ਼ ਜਾਮਾ ਧਾਰਨ ਦੀ ਲੋੜ ਨਹੀਂ। ਮਾਨੁਸ਼ ਜਾਮੇ ਵਿਚ ਅਵਤਾਰ ਧਾਰਨ ਦੀ ਲੋੜ ਨਹੀਂ। ਜਹਿ ਜਹਿ ਅਵਸਰ ਆਇ ਬਨਿਓ ਹੈ ਤਹਾਂ ਅਨਿਨ ਅਭਿਆਸੀ ਜਨਾਂ, ਜੋਤਿ ਵਿਗਾਸੀ ਜਨਾਂ ਦੇ ਹਿਰਦਿਆਂ ਅੰਦਰ ਪ੍ਰਚੰਡ ਜੋਤਿ ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤੱਖ ਦੀਦਾਰੇ ਜਲਵੇ ਆਪਣੇ ਜਾਗਤ ਜੋਤਿ ਜਪਣ-ਹਾਰ ਖਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ



www.AKJ.Org

ਹੈ ਅਤੇ ਦਿਖਾਉਂਦਾ ਰਹੇਗਾ । ਮੁੜ ਮਨੁਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁਕਾ ਦਿਤਾ। ਭੂਤ ਭਵਿਖਤ ਦੇ ਜਾਨਣਹਾਰ ਅੰਤਰਜਾਮੀ ਸਿਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵਿਚਾਰ ਕੇ ਕਿ ਕਲਜੁਗ ਵਿਖੇ ਅਗੇ ਨੂੰ 'ਘਰਿ ਘਰਿ ਹੋਇ ਬਹੋਗੇ ਰਾਮਾ' ਵਾਲਾ ਵਰਤਾਰਾ ਜ਼ਰੂਰ ਵਰਤੇਗਾ। ਦੇਹਧਾਰੀ ਗੁਰੂ ਡੰਮ ਵਾਲਾ ਫਸਤਾ ਹੀ ਵਢ ਦਿਤਾ। ਸਿਰੀ ਗੁਰੂ ਦਸਮੇਸ਼ ਜੀ ਦੇ ਇਸ ਅੰਦੀਏ ਤੋਂ ਅਜਾਣ ਪੁਰਸ਼ ਕਈ ਅਣਭੋਲ ਸਿਖ ਵੀ ਜਦੋਂ ਇਹ ਕਹਿੰਦੇ ਸੁਣੀਦੇ ਹਨ ਕਿ ਗੁਰੂ ਸਾਹਿਬ ਫਿਰ ਦੇਹ ਧਾਰ ਕੇ ਆਉਣਗੇ ਤਾਂ ਉਨ੍ਹਾਂ ਦੇ ਇਸ ਅਜਾਣਪੁਣੇ ਤੇ ਹਾਸਾ ਭੀ ਆਉਂਦਾ ਹੈ ਅਤੇ ਤਰਸ ਭੀ ਆਉਂਦਾ ਹੈ। ਪਰ ਅਫ਼ਸੋਸ ਹੈ ਤਾਂ ਇਹ ਕਿ ਗੁਰੂ ਦਸਮੇਸ਼ ਜੀ ਨੇ ਜਿਤਨਾ ਭੀ ਅਸਾਂ ਨੂੰ ਖਿਆਲ ਤੋਂ ਵਰਜਿਆ ਉਤਨੀ ਹੀ ਬਹੁਤੀ ਇਹ ਇੱਲਤ ਮਈ ਮਰਜ਼ ਦਿਨੋ ਦਿਨ ਸਾਡੇ ਅੰਦਰ ਜ਼ੋਰਾਂ ਨਾਲ ਪ੍ਰਵੇਸ਼ ਕਰਦੀ ਜਾ ਰਹੀ ਹੈ। ਨਿਤ ਆਏ ਦਿਨ, ਨਿਤ ਨਵੇਂ ਦਿਨ ਇਹ ਸੁਣੀਦਾ ਹੈ ਤੇ ਸੁਣ ਕੇ ਸ਼ਰਮਸਾਰ ਹੋਈਦਾ ਹੈ ਕਿ ਅਮਕੀ ਜਗ੍ਹਾ ਅਮਕੇ ਦੇਹਧਾਰੀ ਗੁਰੂ ਨੇ ਅਵਤਾਰ ਧਾਰਿਆ ਹੈ। ਅਮਕੇ ਧਿਮਕੇ ਕੱਚ-ਘਰੜ ਖਿਆਲਾਂ ਵਾਲੀਆਂ ਗਲਾਂ ਗੁਰਮਤਿ ਦੇ ਵਿਰੁਧ ਤੇ ਸਿਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ। ਪਰ ਇਹ ਉਪਜਦੀਆਂ ਉਨ੍ਹਾਂ ਨੂੰ ਹੀ ਹਨ ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਘੁਥੇ ਹੋਏ ਮਨਮੁਖੀਏ ਹਨ। ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਗੁਰਮਤਿ ਨਾਮ ਦੀ ਅਨਿਨ ਕਮਾਈ ਦੁਆਰਾ ਗੁਰੂ ਜੋਤਿ ਦੇ ਪ੍ਰਤਖ ਪ੍ਰਕਾਸ਼ ਦੀ ਪਾਰਸ ਕਲਾ ਜ਼ਾਹਰ ਕਲਾ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰ ਦਮ ਹਾਜ਼ਰ ਨਾਜ਼ਰ ਦਿਸਦਾ ਹੈ। ਹਾਂ ਘਟ ਵਧ ਅਭਿਆਸ ਕਮਾਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ ਜਲਵੇ ਦਿਖਾਉਂਦਾ ਹੈ ਅਤੇ ਕਿਤੇ ਸਦ-ਵਿਗਾਸੀ ਦਰਸ਼ਨਾਂ ਦਾ ਮੀਂਹ ਵਰਸਾਉਂਦਾ ਹੈ। ਹਰ ਹਾਲਤ ਵਿਚ ਸ਼ਰਧਾਵਾਨ ਜੋਤਿ ਵਿਗਾਸੀ ਗੁਰਸਿਖਾਂ ਤਾਈਂ ਇਹ ਘਾਟ ਕਦੇ ਵੀ ਪ੍ਰਤੀਤ ਨਹੀਂ ਹੁੰਦੀ ਕਿ ਸਤਿਗੁਰੂ ਹੈ ਹੀ ਨਹੀਂ। ਉਹ ਤਾਂ ਸਦਾ ਸਦਾ, ਸਤਿਗੁਰ ਮੇਰਾ ਸਦਾ ਸਦਾ ਤਿਨ੍ਹਾਂ ਦੇ ਦਿਬਦਰਸੀ ਆਤਮ ਨੈਣਾਂ ਨੂੰ ਨਜ਼ਰੀ ਆਉਂਦਾ ਹੈ। ਤਾਂ ਹੀ ਤਾਂ ਇਹ ਹਰਦਮ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਨਾਮ ਅਭਿਆਸ ਦੇ ਘਾਟੇ ਵਾਲੇ ਪੁਰਸ਼ਾਂ ਨੂੰ ਇਹ ਚੜ੍ਹਦੀ ਕਲਾ ਕਿਥੇ ? ਉਹ ਤਾਂ ਘਟੀਅਲ ਖਿਆਲਾਂ ਦੀ ਨਿਘਰਦੀ ਕਲਾ ਵਿਚ ਹੀ ਅੜੀਅਲ ਜਨਮ ਬਤੀਤ ਕਰਦੇ ਹਨ। ਕਦੇ ਕਿਸੇ ਦਾ ਆਸਰਾ ਤਕਦੇ ਹਨ ਕਦੇ ਕਿਸੇ ਦੀ ਓਟ ਤਕਾਉਂਦੇ ਹਨ। ਪਰ ਆਪਣੇ ਨਿਜ ਅਸਲੇ ਵਲ ਨਹੀਂ ਆਉਂਦੇ। ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗਲ ਹੈ ਤਾਂ ਇਹ ਹੈ ਕਿ ਸਦਾ ਆਪਣੇ ਖਾਲਸੇ ਨੂੰ ਪ੍ਰਚੰਡ ਕਲਾ ਜਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰਖਣ ਵਾਲੇ ਸਿਰੀ ਦਸਮੇਸ਼ ਜੀ ਦੇ (ਅਖਾਉਤੀ) (So called) ਸਿਖ ਆਪਣੇ ਉਚ ਖਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁਤ ਪ੍ਰਸਤ ਮਤ ਮਤਾਂਤਰੀ ਅਨਿਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ ਤੇ ਗੀਦੀ ਬਣ ਰਹੇ ਹਨ।

ਬੜੇ ਤੋਂ ਬੜੇ ਪ੍ਰਸਿੱਧ ਆਗੂ ਕਹਾਉਣ ਵਾਲੇ ਭੀ ਅਸਲ ਅਸੂਲਾਂ ਤੇ ਦ੍ਰਿੜ੍ਹ ਨਹੀਂ ਰਹਿੰਦੇ, ਉਨ੍ਹਾਂ ਦਾ ਕੋਈ ਅਸੂਲ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇਕ ਨੂੰ ਢਾਉਂਦੇ, "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ" ਦੀਆਂ ਬੜ੍ਹਕਾਂ ਮਾਰਨ ਵਾਲੇ 'ਪੰਥ ਕੀ ਜੀਤ' ਮਈ ਖਾਲਸਾ ਪੰਥ ਐਨਟਿਟੀ (Entity) ਦੀਆਂ ਟਾਹਰਾਂ ਛਡਣ ਵਾਲੇ ਭੀ ਅਜ ਹਾਰੇ ਹੋਏ ਪਾਲੇਟੀਸ਼ਨਾਂ



www.AKJ.Org

ਤੇ ਕਮਜ਼ੋਰ ਮੰਗਤਿਆਂ ਵਾਂਗੂ ਪੰਜਾਬੀ ਸੂਬੇ ਦੀਆਂ ਮੰਗਾਂ ਮੰਗ ਰਹੇ ਹਨ। ਉਹਨਾਂ ਅੱਵਲ ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਜਗਾਉਣ ਵਾਲੀ ਟਾਹਰ ਕਿਥੇ ਗਈ ? ਉਨ੍ਹਾਂ ਨੂੰ ਖਾਲਸਈ ਨਾਹਰਿਆਂ ਤੇ ਵਿਸ਼ਵਾਸ਼ ਨਹੀਂ ਰਿਹਾ। ਉਹ ਹੁਣ ਅਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖਰ ਸਮਝਦੇ ਹਨ। ਉਹ ਮੁੜ ਹਿੰਦੂਆਂ ਵਿਚ ਮਿਲਗੋਭਾ (Amalgamate) ਹੋ ਕੇ ਮਲੀਆ-ਮੇਟ ਹੋਣ ਤੇ ਲੱਕ ਬੰਨ੍ਹੀ ਬੈਠੇ ਹਨ ਤੇ ਇਸ ਗੁਰਮਤਿ ਹੀਣੀ ਗੱਲ ਨੂੰ ਜਿਤਲਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ। ਉਨ੍ਹਾਂ ਨੂੰ ਇਸ ਗਲ ਦੇ ਹਾਮੀ ਹੋਣ ਵਿਚ ਰੰਚਕ ਵੀ ਲੱਜਾ ਨਹੀਂ ਆਉਂਦੀ। ਉਨ੍ਹਾਂ ਨੂੰ ਇਸ ਗਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖਾਲਸਾ ਕੌਮ ਨਈ ਸਿਖ ਜਨਤਾ ਗੁਰੂ ਨਾਨਕ ਸਾਹਿਬ ਜੀ ਦੀ ਕੁਖ ਵਿਚੋਂ ਨਿਕਲੀ ਹੈ ਅਤੇ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿਚ ਪਲੀ ਹੈ। ਹਿੰਦੂਆਂ ਵਿਚੋਂ ਨਿਕਲੇ ਆਖਣ ਵਾਲੇ ਖੁਦ ਹਿੰਦੂ ਹਨ ਅਤੇ ਹਿੰਦੂ ਕੌਮ ਦੇ ਹਾਮੀ ਹਨ। ਤਿਨ੍ਹਾਂ ਨੂੰ "ਸਿਰ ਊਪਰ ਠਾਢਾ ਗੁਰ ਸੂਰਾ" ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਅਤੇ ਕੀਕੂੰ ਪੂਰੇ ਹੋਣੇ ਹਨ ? ਸਤਿਗੁਰੂ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉਤੇ ਕਾਇਮ ਦਾਇਮ ਜਾਣਦੇ ਹਨ। **ਤਿਨ੍ਹਾਂ ਚੜ੍ਹਦੀ ਕਲਾ ਵਾਲੇ ਸਿੰਘ ਦੇ ਸਿੰਘਾਂ ਸੂਰਮਿਆਂ ਦੇ ਸੀਸ ਉਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋਕੇ ਸਦਾ ਪਹਿਰਾ ਦੇਂਦੀਆਂ ਹਨ।** ਅਜਿਹੇ ਸਿੰਘਾਂ ਸੂਰਮਿਆਂ ਦੇ ਆਤਮਾ ਅੰਦਰ ਹੀ ਗੁਰੂ ਕੀ ਸੂਰਮਤ ਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ ਤੇੜੇ ਇਹ ਸਮਾਂ ਢੁਕ ਆਇਆ ਤੇ ਖਾਲਸਾ ਕੌਮ ਅੰਦਰ ਇਸ ਜ਼ਾਹਿਰੀ ਕਲਾ ਦਾ ਪ੍ਰਤਖ ਜ਼ਹੂਰ ਪੁਰ ਨੂਰ ਵਰਤ ਗਿਆ, ਉਸ ਛਿਨ ਅੰਦਰਿ ਤੱਤਕਾਲ ਹੀ **ਖਾਲਸਈ ਹਲੇਮੀਂ ਰਾਜ ਹੋ ਜਾਏਗਾ ; ਜ਼ਰੂਰ ਹੋਏਗਾ ਹੋ ਕੇ ਰਹੇਗਾ।** ਸ੍ਰੀ ਖੜਗੇਸ਼ ਗੁਰੂ, ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਿਰ ਕਲਾ ਵਰਤੇਗੀ। ਉਸ ਦਾ ਜ਼ਰੂਰ ਘਟਿ ਘਟਿ ਅੰਦਰ ਅਵਿਤਰੇਗਾ। ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ। ਖਾਲਸਾ ਜੀ ਦੀ ਫ਼ਤਹ ਖੜਗ ਦੇ ਆਸਰੇ ਹੈ। ਨਾਮ ਖੰਡੇ ਦੇ ਆਸਰੇ ਹੈ। ਏਸੇ ਨਾਮ ਖੰਡੇ ਨੇ ਜੋਤਿ ਤੇਜਸੀ ਖੰਡਾ ਬਣ ਜਾਣਾ ਹੈ। ਏਸੇ ਜੋਤਿ ਤੇਜਸੀ ਖੰਡੇ ਦੇ ਖੜਕਾਉਣ ਲਈ ਸ੍ਰੀ ਖੜਗੇਸ਼ ਗੁਰੂ ਦਸਮੇਸ਼ ਜੀ ਨੇ ਖਾਲਸਾ ਕੌਮ ਨੂੰ ਸਾਜਿਆ ਹੈ। ਏਸੇ ਖੜਗੇਸ਼ ਖੰਡੇ ਦਾ ਨਾਮ ਭਗਉਤੀ ਹੈ। ਜਿਸ ਦੀ ਟੇਕ ਵਿਚ, ਜਿਸ ਦੀ ਗੋਦ ਵਿਚ ਖਾਲਸੇ ਨੇ ਰਹਿਣਾ ਹੈ। ਜਿਸ ਭਗਉਤੀ ਰੂਪ ਖੜਗ ਖੰਡੇ ਨੂੰ ਖਾਲਸਾ ਜੀ ਨੇ ਸਦਾ ਗੋਦ ਵਿਚ ਰਖਣਾ ਹੈ। ਸੀਸ ਤੇ ਰਖਣਾ ਹੈ। ਸੀਸ ਤੇ ਸਤਿਕਾਰਨਾ ਹੈ। ਸੀਸ ਤੇ ਨਮਸਕਾਰਨਾ ਹੈ। ਸੁਆਸ ਸੁਆਸ ਚਿਤਰਨਾ ਹੈ ਹਰ ਅੜੇ ਸਮੇਂ, ਦੁਖ ਸੁਖ ਸਮੇਂ, ਸਾਸ ਗ੍ਰਾਸ ਭਗਉਤੀ ਨੂੰ ਆਪਣੇ ਆਦਰਸ਼ ਵਿਲਖਣੀ ਉਦੇਸ਼ ਬਣਾ ਕੇ ਸਲਾਹੁਣਾ ਹੈ। ਅਰਦਾਸੇ ਵਿਚ ਅਰਦਾਸਾਉਣਾ ਹੈ। ਸਭ ਤੋਂ ਪ੍ਰਿਥਮ ਇਸ ਭਗਉਤੀ ਨੂੰ ਹੀ ਮੁਖ ਰਖ ਕੇ ਸਾਰੇ ਕਾਰਜ ਰਾਸ ਕਰਨ ਦੀ ਅਰਦਾਸ ਸੰਭਾਲਣੀ ਸਵਾਰਨੀ ਹੈ।

ਸ੍ਰੀ ਦਸਮੇਸ਼ ਜੀ ਨੇ ਇਹ ਅਰਦਾਸ ਸਾਨੂੰ ਸਿਖਲਾਈ। ਅਰਦਾਸ ਵਿਚ 'ਪ੍ਰਿਥਮ ਭਗਉਤ' ਪਦ



www.AKJ.Org

ਉਚਾਰ ਉਚਰਾਇ ਕੇ, ਕੋਈ ਦੇਵੀ ਪੂਜਾ ਨਹੀਂ ਦ੍ਰਿੜਾਈ। ਐਸਾ ਖਿਆਲ ਸਿਰਫ ਕੰਬਖਤ ਤੇ ਕੱਚ-ਘਰੜ ਖਿਆਲੀਆਂ ਦਾ ਹੀ ਹੈ, ਕਿ ਸ੍ਰੀ ਦਸਮੇਸ਼ ਜੀ ਦੀ ਦ੍ਰਿੜਾਈ ਭਗਉਤੀ ਦੇਵੀ ਹੈ । ਖਾਲਸਈ ਅਰਦਾਸੇ ਵਿਚ ਚੜ੍ਹਦੀ ਕਲਾ ਵਿਚ ਕੇਵਲ ਖੜਗ ਰੂਪ ਭਗਉਤੀ ਸਰੂਪ ਵਿਚ ਹੀ ਹੈ। ਨਹੀਂ ਤਾਂ ਨਿਰੀ ਢਹਿੰਦੀ ਕਲਾ ਹੈ। ਭਗਉਤੀ ਪਦ ਦੇ ਇਸ ਉਚ ਆਦਰਸ਼ੀ ਸ੍ਰੀ ਦਸਮੇਸ਼ ਅਰਦਾਸ ਉਦੇਸ਼ ਤੋਂ ਊਣੇ ਅਤੇ ਮੁਨਹਰਫ ਬੇਮੁਖ ਲੋਗ ਸਦਾ ਢਹਿੰਦੀ ਅਤੇ ਨਿਘਰਦੀ ਕਲਾ ਵਿਚ ਹੀ ਰਹਿਣਗੇ। ਉਨ੍ਹਾਂ ਨੂੰ ਨਾ ਰਾਜ ਭਾਗ ਪ੍ਰਾਪਤ ਹੋਣਾ ਹੈ ਨਾ ਉਹਨਾਂ ਦਾ ਪ੍ਰਮਾਰਥ ਸੰਵਾਰਨਾ ਹੈ, ਨਾ ਉਹਨਾਂ ਦਾ ਕੋਈ ਕਾਰਜ ਰਾਸ ਹੋਣਾ ਹੈ। ਸ੍ਰੀ ਦਸਮੇਸ਼ ਜੀ ਦੇ ਸਿਖਾਂ ਪ੍ਰਤੀ ਸ੍ਰੀ ਮੁਖਵਾਕ ਅਰਦਾਸ ਦਾ ਧਰੁਵਾ ਇਉਂ ਬੰਨ੍ਹ ਕੇ ਦਿਖਾਉਂਦੇ ਹਨ ਸਿਖਾਉਂਦੇ ਹਨ । ਸਭ ਤੋਂ ਪਹਿਲਾਂ ਪਰਉਪਕਾਰ ਦੀ ਸੂਰਮਤਾ ਭਿੰਨੀ ਔਜ ਮੌਜ ਵਿਚ ਚੜ੍ਹਦੀ ਕਲਾ ਦੀ ਸਪਿਰਟ ਜਗਾਇਨੀ ਖੜਗ-ਖੰਡੇ ਮਈ ਭਗਉਤੀ ਨੂੰ ਸਨਮੁਖ ਅਰਥ ਚਿਤਾਇੰਦੇ ਹਨ। ਇਸ ਚਿਤਾਵਨੀ ਨੂੰ ਹੀ ਪ੍ਰਿਥਮ ਭਗਉਤੀ ਸਿਮਰਣਾ ਦਸਦੇ ਹਨ। ਇਸ ਸਿਮਰਣਾਉਜ ਨੂੰ ਮੁਖ ਮੰਤਵ ਰਖਦੇ ਹੋਏ ਫੁਰਮਾਉਂਦੇ ਹਨ :—'ਗੁਰ ਨਾਨਕ ਲਈਂ ਧਿਆਇ'। ਹੇ ਅਰਦਾਸ ਕਰਨਹਾਰ ! ਤੂੰ ਧਿਆਇ ਲਈਂ 'ਲਈਂ' ਈੜੀ ਨੂੰ ਜੋ ਬਿਹਾਰੀ ਹੈ, ਉਹ ਬਿੰਦੇ ਸੰਯੁਕਤ ਹੈ। ਇਸ ਬਿਧ ਗੁਰੂ ਨਾਨਕ ਦੇ ਦਸੇ ਜਾਮਿਆਂ ਨੂੰ ਅਰਦਾਸ ਵਿਚ ਧਿਆਉਣਾ ਹੈ। ਚੜ੍ਹਦੀ ਕਲਾ ਵਿਚ ਧਿਆਉਣਾ ਹੈ । ਨਿਰਭੈ ਹੋ ਕੇ ਧਿਆਉਣਾ ਹੈ । ਖਾਲਸਈ ਸ਼ਾਂਤ ਬੀਰਤਾ ਭਰੀ ਸਪਿਰਟ ਵਿਚ ਧਿਆਉਣਾ ਹੈ। ਗੀਦੀਆਂ ਵਾਲੀ ਮੁਰਦਾ ਸ਼ਾਂਤਮਈ ਨੂੰ ਪਰਹਰਨ ਤੇ ਪਰਹਰਾਉਣ ਲਈ ਇਹ ਖਾਲਸਈ ਅਰਦਾਸ ਹੈ । ਖਾਲਸਈ ਨਾਹਰੇ ਜੈਕਾਰੇ ਭੀ ਸਾਰੇ ਇਸ ਬੀਰਤਾ ਭਰਪੂਰ ਲੀਣੀ ਸਪਿਰਟ ਵਿਚ ਉਚਾਰੇ ਜਾਂਦੇ ਹਨ ਰੋਮ ਰੋਮ ਅੰਦਰ ਜਾਗਤ ਜੋਤਿ ਨੂੰ ਘਟਿ ਸਪਿਰਟ ਨੂੰ ਉਭਾਰਨਾ। ਪੂਰਨ ਜਾਗਤਿ ਜੋਤਿ ਨੂੰ ਘਟਿ ਭੀਤਰ ਜਗਾਉਣਾ। ਇਉਂ ਨਿਰੋਲ ਖਾਲਸਾ ਸਦਾਵਣਾ ਹੈ। ਬਸ ਨਿਰੋਲ ਖਾਲਸੇ ਨੂੰ ਸਦਾ ਖਾਲਸ਼ੇਸ਼ ਦਸਮੇਸ਼ ਜੀ ਨੂੰ ਸਾਂਗੋ ਪਾਂਗ ਪੇਖਣਾ ਨਿਰਖਣਾ ਹੈ। ਸਤਿਗੁਰੂ ਦਸਮੇਸ਼ ਜੀ ਨੂੰ ਸਾਂਗੋ ਪਾਂਗ ਅੰਗਿ ਸੰਗਿ ਨਿਰਖਣ ਪੇਖਣਹਾਰੇ ਖਾਲਸਾ ਜੀ ਨੇ ਕਦੇ ਕਿਸੇ ਅਨਿ ਮਤਿ ਕੌਮ ਦਾ ਦੁਬੇਲ ਨਹੀਂ ਹੋਣਾ। ਜਦੋਂ ਵੀ ਇਸ ਦੁਬੈਲਤਾ ਦੀ ਕੁਰੀਝ ਰੀਤ ਕੁਰੀਤ ਕਿਸੇ ਸਿਖ ਸਦਾਵਣ ਹਾਰੇ ਪਰਾਣੀ ਅੰਦਰਿ ਵਰਤ ਗਈ ਤਿਨ੍ਹਾਂ ਪ੍ਰਾਣੀਆਂ ਪ੍ਰਥਾਇ ਹੀ ਸਤਿਗੁਰੂ ਨੇ ਫੁਰਮਾਇਆ ਹੈ ਕਿ 'ਮੈਂ ਨ ਕਰਉਂ ਇਨ ਕੀ ਪ੍ਰਤੀਤ' ਤਿਨ੍ਹਾਂ ਦੁਬੈਲ ਪੰਥੀਆਂ ਦੇ ਰਾਜ ਸਾਜ ਵੀ ਸਭ ਖੁਸ ਜਾਣੇ ਹਨ। ਆਨ ਸ਼ਾਨ ਆਬਰੂਈਆਂ ਵੀ ਸਭ ਮਸਿ ਜਾਣੀਆਂ ਹਨ। ਫ਼ੈਜ਼ਯਾਬ ਤਿਨ੍ਹਾਂ ਨੇ ਤਦੋਂ ਹੀ ਹੋਣਾ ਹੈ, ਜਦੋਂ ਮੁੜ ਕੇ ਫੇਰ ਗੁਰੂ ਨਾਨਕ ਦਸਮੇਸ਼ ਜੀ ਦਾ ਆਸਰਾ ਪਰਣਾ ਤਿਨ੍ਹਾਂ ਨੇ ਲੈਣਾ ਹੈ।

"ਦੇਗ ਤੇਗ ਫਤਹ ਨੁਸਰਤ ਬੇਦ ਰੰਗ ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ।"

———



www.AKJ.Org

# ਗੁਰੂ ਗੋਬਿੰਦ ਸਿੰਘ ਜੀ

—ਪ੍ਰਿੰਸੀਪਲ ਮਿਹਰ ਸਿੰਘ, F/5 ਰੇਸ ਕੋਰਸ, ਡੇਹਰਾਦੂਨ (ਯੂ. ਪੀ.)

"ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਦੀ ਉਚਤਮ ਆਤਮਕ ਪਦਵੀ ਦੀ ਪ੍ਰਾਪਤੀ ਮਗਰੋਂ "ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹਿ" ਦੇ ਅਥਾਹ ਰਸ ਨੂੰ ਭੋਗਨ ਹਾਰੇ 'ਦੁਸ਼ਟ ਦਮਨ' ਅਕਾਲ ਪੁਰਖ ਦੇ ਹੁਕਮ ਅਗੇ ਸੀਸ ਨਿਵਾ ਕੇ ਮਾਤ ਲੋਕ ਦੇ ਸਾਰੇ ਦੁਖ ਆਪਣੀ ਝੋਲੀ ਵਿਚ ਪਾ, ਸਾਡੇ ਕੁਕਰਮਾਂ, ਵਹਿਮਾਂ ਤੇ ਬੁਜ਼ਦਿਲੀ ਵਾਲੇ ਵਹਿਣ ਨੂੰ ਰੋਕਣ ਲਈ ੨੬ ਦਸੰਬਰ ੧੬੬੬ ਨੂੰ ਪਟਨੇ ਸ਼ਹਿਰ ਵਿਚ ਪ੍ਰਕਾਸ਼ਮਾਨ ਹੋਏ । ਜਿਥੇ ਅਸੀਂ ਇਹ ਮੰਨਦੇ ਹਾਂ ਕਿ 'ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕੇ ਚੜਿਆ' ਦੇ ਅਨੁਸਾਰ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਸਮੇਂ ਹਕੂਮਤ ਵਲੋਂ ਪਰਜਾ ਉਤੇ ਜ਼ੁਲਮ ਦੀ ਸਵੇਰ ਸੀ, ਉਥੇ ਅਸੀਂ ਇਹ ਵੀ ਮੰਨਣ ਤੋਂ ਨਹੀਂ ਰਹਿ ਸਕਦੇ ਕਿ ਸਾਹਿਬ ਦਸਮੇਸ਼ ਪਿਤਾ ਜੀ ਦੇ ਅਵਤਾਰ ਧਾਰਨ ਸਮੇਂ ਵੀ ਹਕੂਮਤ ਵਲੋਂ ਪਰਜਾ ਉਤੇ ਜ਼ੁਲਮ ਦੀ ਕੜਕਦੀ ਦੁਪਹਿਰ ਸੀ ਭਾਵੇਂ ਉਹ ਛੇਤੀ ਹੀ ਢਲਦੀ ਢਲਦੀ ਜ਼ੁਲਮ ਦੀ ਸ਼ਾਮ ਦਾ ਰੂਪ ਬਣ ਗਈ । ਹੁਣ ਇਹ ਵੇਲਾ ਸੀ ਕਿ ਜਿਸ ਸਿਖੀ ਇਮਾਰਤ ਨੂੰ ਪਹਿਲੀਆਂ ਨੌਂ ਗੁਰੂ ਨਾਨਕ ਵਿਅਕਤੀਆਂ ਨੇ ਕਰੀਬ ਕਰੀਬ ਪੂਰਨਤਾ ਸਟੇਜ ਤਕ ਪਹੁੰਚਾਇਆ ਸੀ ਉਸ ਨੂੰ ਠੀਕ ਤੌਰ ਤੇ ਮੁਕੰਮਲ ਕੀਤਾ ਜਾਏ ਤੇ ਉਸਦਾ ਸਹੀ ਤੇ ਸੱਚਾ ਰੂਪ ਸੰਸਾਰ ਅਗੇ ਪੇਸ਼ ਕੀਤਾ ਜਾਏ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੱਗੇ ਜਿਥੇ ਸਿਖੀ ਇਮਾਰਤ ਨੂੰ ਮੁਕੰਮਲ ਕਰਨ ਦਾ ਕਠਿਨ ਕੰਮ ਸੀ ਉਥੇ ਨਾਲ ਹੀ ਨਾਲ ਉਸ ਇਮਾਰਤ ਨੂੰ ਅਮਰ ਰਖਣ ਦਾ ਵੀ ਅੰਤ੍ਰੀਵ ਨਿਸਚਾ ਸੀ । ਇਕ ਪਾਸੇ ਜ਼ੁਲਮ ਨਾਲ ਟੱਕਰ ਲੈਣਾ ਤੇ ਦੂਜੇ ਪਾਸੇ ਬੁਜ਼ਦਿਲ ਜਨਤਾ ਵਿਚ ਮਰਦਊਪਨ ਭਰਨਾ ਸੀ । ਯਾ ਇੰਝ ਕਹਿ ਲਵੋ ਕਿ ਨਮੂਨੇ ਦਾ ਮਰਦ ਅਤੇ ਮਰਦ ਦਾ ਨਮੂਨਾ ਤਿਆਰ ਕਰਨਾ ਸੀ । ਆਉ ਅਸੀਂ ਹੁਣ ਇਹ ਵਿਚਾਰੀਏ ਕਿ "ਮੈਂ ਅਪਨਾ ਸੁਤ ਤੋਹਿ ਨਿਵਾਜਾ, ਪੰਥ ਪ੍ਰਚੁਰ ਕਰਬੇ ਕਹੁ ਸਾਜਾ" ਦੇ ਹੁਕਮ ਦੀ ਪਾਲਨਾ ਕਰਨ ਲਈ ਗੁਰੂ ਸਾਹਿਬਾਨ ਨੂੰ ਕਿਸ ਕਿਸ ਹਾਲਤ ਵਿਚੋਂ ਗੁਜ਼ਰਨਾ ਪਿਆ । ਇਥੇ ਇਹ ਦਸਣਾ ਵੀ ਜ਼ਰੂਰੀ ਹੈ ਕਿ ਮਾਤ ਲੋਕ ਵਿਚ ਆਉਣ ਤੋਂ ਪਹਿਲੋਂ ਅਕਾਲ ਪੁਰਖ ਵਲੋਂ ਦਸਮੇਸ਼ ਗੁਰੂ ਸਾਹਿਬ, ਪਹਿਲੇ ਘਲੇ ਹੋਇ Divine messengers ਬਾਰੇ ਇਹ warning ਸੁਣ ਚੁਕੇ ਸਨ ਕਿ "ਸਭ ਅਪਨੀ ਅਪਨੀ ਉਰਝਾਨਾ, ਪਾਰਬ੍ਰਹਮ ਕਾਹੂ ਨ ਪਛਾਨਾ ।" ਸੋ ਦੁਨੀਆਂ ਦੀ ਮਾਇਆ ਤੋਂ ਬਚਦਿਆਂ ਹੋਇਆਂ ਇਸ ਕੰਮ ਨੂੰ ਨੇਪਰੇ ਚਾੜ੍ਹਨਾ ਸੀ ।

## ਦਸਮੇਸ਼ ਆਗਮਨ :—

ਜਦੋਂ ਨਾਵੀਂ ਗੁਰੂ ਨਾਨਕ ਵਿਅਕਤੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਅਨੰਦਪੁਰ ਸਾਹਿਬ ਦੀ ਬੁਨਿਆਦ ਰਖ ਚੁਕੇ, ਉਨ੍ਹਾਂ ਨੂੰ ਯਾਤਰਾ ਲਈ ਆਸਾਮ ਵਲ ਜਾਣਾ ਪਿਆ । ਪਟਨਾ



www.AKJ.Org

ਪਹੁੰਚ ਕੇ ਉਨ੍ਹਾਂ ਨੇ ਆਪਣੇ ਮਹਿਲ ਤੇ ਮਾਤਾ ਜੀ ਨੂੰ ਠਹਿਰਨ ਦਾ ਹੁਕਮ ਦਿਤਾ ਤੇ ਆਪ ਕੁਝ ਸਿਖਾਂ ਨਾਲ ਆਸਾਮ ਦੇ ਰਾਜੇ ਕੋਲ ਪਹੁੰਚੇ । ਇਸ ਦੌਰਾਨ ਵਿਚ ਪਟਨੇ ਸਾਹਿਬ ਵਿਚ ਦਸਮੇਸ ਪਿਤਾ ਨੇ ਅਵਤਾਰ ਧਾਰਿਆ । ਸਾਹਿਬਾਂ ਦਾ ਬਚਪਨ ਦਾ ਨਾਉਂ ਗੋਬਿੰਦ ਰਾਇ ਸੀ । ਪੈਦਾਇਸ਼ ਸਮੇਂ ਕੋਹਰਾਮ ਦੇ ਸੱਯਦ ਭੀਖਮ ਸ਼ਾਹ ਨੇ ਨਿਮਾਜ਼ ਪੜ੍ਹਨ ਵੇਲੇ ਚੜ੍ਹਦੇ ਵਲ ਮੂੰਹ ਕਰ ਕੇ ਜਿਧਰ ਪਟਨਾ ਸ਼ਹਿਰ ਸੀ, ਸਜਦਾ ਕੀਤਾ । ਇਸ ਘਟਨਾ ਨੂੰ ਵੇਖ ਕੇ ਬਾਕੀ ਮੁਸਲਮਾਨਾਂ ਨੇ ਕਾਰਨ ਪੁਛਿਆ । ਸੱਯਦ ਜੀ ਬੋਲੇ, "ਅਜ ਦੁਨੀਆਂ ਵਿਚ ਇਕ ਐਸਾ ਪੀਰ ਪੈਦਾ ਹੋਇਆ ਹੈ ਜਿਹੜਾ ਕਿ ਦੁਨੀਆਂ ਦੇ ਇਨਸਾਨਾਂ ਨੂੰ ਜ਼ੁਲਮ ਤੋਂ ਬਚਾਏਗਾ, ਮੈਂ ਉਸ ਨੂੰ ਇਜ਼ਤ ਕਰਨ ਵਜੋਂ ਉਧਰ ਸਜਦਾ ਕੀਤਾ ਹੈ ।" ਉਸ ਤੋਂ ਮਗਰੋਂ ਸੱਯਦ ਭੀਖਨ ਸ਼ਾਹ ਆਪ ਪਟਨੇ ਬਾਲਕ-ਗੁਰੂ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ । ਬਾਲਕ ਗੁਰੂ ਅਪਨੀ ਛੋਟੀ ਉਮਰ ਵਿਚ ਉਨ੍ਹਾਂ ਸਾਰਿਆਂ ਕੰਮਾਂ ਦਾ ਝਲਕਾਰਾ ਦਸਣ ਲਗ ਪਏ ਜਿਹੜੇ ਉਨ੍ਹਾਂ ਨੇ ਕਰਨੇ ਸੀ, ਯਥਾ ਛੋਟੀ ਜਿਹੀ ਬੱਚਿਆਂ ਦੀ ਫ਼ੌਜ ਬਣਾ ਕੇ ਉਨ੍ਹਾਂ ਨੂੰ ਡਸਿਪਲਨ ਵਿਚ ਮਾਰਚ ਕਰਵਾਣਾ, ਉਨ੍ਹਾਂ ਤੋਂ ਤੀਰ ਚਲਵਾਣੇ । ਦੋ ਟੋਲੇ ਬਣਾ ਕੇ ਉਨ੍ਹਾਂ ਨੂੰ ਆਪਸ ਵਿਚ ਜ਼ੋਰ ਅਜ਼ਮਾਈ ਕਰਵਾਣਾ ਤੇ ਉਨ੍ਹਾਂ ਦੀ ਹਾਰ ਜਿਤ ਦੇਖਣੀ ।

## ਕਸ਼ਮੀਰੀ ਪੰਡਤਾਂ ਦਾ ਆਉਣਾ :—

ਇਕ ਦਿਨ ਕਸ਼ਮੀਰੀ ਪੰਡਤ ਆਪਣੀ ਦਰਦ-ਕਹਾਣੀ ਤੇ ਦੀਨ-ਦਸ਼ਾ ਦਸਣ ਤੇ ਮਦਦ ਲਈ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਹਾਜ਼ਰ ਹੋਏ । ਉਨ੍ਹਾਂ ਦੀ ਕਹਾਣੀ ਸੁਣ ਕੇ ਗੁਰੂ ਸਾਹਿਬ ਸੋਚ ਹੀ ਰਹੇ ਸਨ ਕਿ ਬਾਲਕ-ਗੁਰੂ ਪਹੁੰਚ ਗਏ ਤੇ ਪੁਛਣ ਲਗੇ, "ਪਿਤਾ ਜੀ ਕੀ ਗਲ ਹੈ, ਕਿਉਂ ਸੋਚ ਵਿਚ ਪਏ ਹੋਏ ਹੋ ।" ਗੁਰੂ ਸਾਹਿਬ ਬੋਲੇ, "ਇਨ੍ਹਾਂ ਦੇ ਧਰਮ ਦੀ ਰਖਸ਼ਾ ਲਈ ਇਕ ਮਹਾਂ ਪੁਰਖ ਦੀ ਕੁਰਬਾਨੀ ਦੀ ਲੋੜ ਹੈ ।" ਬਾਲਕ ਗੁਰੂ ਫ਼ੌਰਨ ਬੋਲੇ, "ਆਪ ਤੋਂ ਵਡਾ ਮਹਾਂ ਪੁਰਖ ਹੋਰ ਕੌਣ ਹੈ ?" ਗੁਰੂ ਸਾਹਿਬ ਸਮਝ ਗਏ ਕਿ ਇਸ ਬਾਲਕ ਵਿਚ ਹੁਣ ਉਹ ਗੁਣ ਪ੍ਰਵੇਸ਼ ਕਰ ਗਏ ਹਨ ਜਿਨ੍ਹਾਂ ਕਰ ਕੇ ਇਸ ਨੇ ਸਾਰੇ ਦੁਖੀ ਸੰਸਾਰ ਦੇ ਦੁਖ ਦੂਰ ਕਰਨ ਲਈ ਜ਼ੁਲਮ ਨਾਲ ਟਕਰ ਲੈਣੀ ਹੈ ' ਨਾਵੇਂ ਪਾਤਸ਼ਾਹ ਦਿਲੀ ਵਿਚ ਜਾ ਕੇ ਸ਼ਹੀਦ ਹੋਏ ਤੇ "ਜੋ ਨਰ ਦੁਖ ਮਹਿ ਦੁਖ ਨਹੀ ਮਾਨੈ" ਨੂੰ ਅਮਲੀ ਰੂਪ ਦਿਤਾ । ਗੁਰੂ ਸਾਹਿਬ ਦੇ "ਬਲ ਛੁਟਕਿਉ ਬੰਧਨ ਪਰੇ, ਕਛੂ ਨ ਹੋਤ ਉਪਾਇ । ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਤ ਸਹਾਏ" ਦੇ ਉਤਰ ਵਿਚ ਬਾਲਕ-ਗੁਰੂ ਵਲੋਂ "ਬਲ ਹੋਆ ਬੰਧਨ ਛੁਟੇ ਸਬ ਕੁਛ ਹੋਤ ਉਪਾਇ । ਕਹੁ ਨਾਨਕ ਸਭ ਕੁਛ ਤੁਮਰੇ ਹਾਥ ਮਹਿ ਤੁਮ ਹੀ ਹੋਤ ਸਹਾਇ" ਦਾ ਉਤਰ ਨਾਵੇਂ ਪਾਤਸ਼ਾਹ ਲਈ ਹੋਰ ਵੀ ਕਾਫ਼ੀ ਸਬੂਤ ਸੀ ਕਿ ਇਹ ਬਾਲਕ ਨੀਕ ਤੇ ਸੁਚੱਜੇ ਢੰਗ ਨਾਲ ਅਕਾਲ ਪੁਰਖ ਦੀ ਆਗਿਆ ਦਾ ਪਾਲਨ ਕਰੇਗਾ ਤੇ ਜ਼ਾਲਮ ਦੇ ਜ਼ੁਲਮ ਅਗੇ ਨਹੀਂ ਝੁਕੇਗਾ । ਦਸਮੇਸ਼ ਪਿਤਾ ਨੇ ਤਲਵਾਰ ਕਿਉਂ ਉਠਾਈ ? ਫ਼ਾਰਸੀ ਵਿਚ ਇਕ ਸ਼ੇਅਰ ਹੈ :—

"ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ ।"

ਅਰਥਾਤ ਜਦੋਂ ਸਭ ਪਾਸਿਉਂ ਹਾਲਾਤ ਮਦਦ ਨਾ ਦੇਣ ਤਾਂ ਉਸ ਸਮੇਂ ਮਰਦ ਦਾ ਕੰਮ ਹੈ ਕਿ ਤਲਵਾਰ ਲੈ ਕੇ ਮੈਦਾਨ ਵਿਚ ਨਿਤਰੇ ਤੇ ਜ਼ੁਲਮ ਦੀ ਜੜ੍ਹ, ਤਲਵਾਰ ਨਾਲ ਟਾਕਰਾ ਕਰ ਕੇ ਕਟ ਸੁਟੇ ।

ਕੁਝ ਸਮੇਂ ਮਗਰੋਂ ਪਹਾੜੀ ਰਾਜਿਆਂ ਨਾਲ ਯੁਧ ਕੀਤੇ ਤੇ ਜ਼ੁਲਮ ਅਗੇ ਡਟ ਕੇ ਸਾਹਮਣਾ ਕਰਦਿਆਂ ਹੋਇਆਂ ਸਿਖਾਂ ਨੂੰ ਦਸਿਆ ਕਿ ਨਾ ਕਿਸੇ ਦਾ ਡਰ ਸਹੋ



www.AKJ.Org

ਤੇ ਨਾ ਹੀ ਕਿਸੇ ਨੂੰ ਡਰਾਉ। ਇਥੇ ਪੌਂਟੇ ਸਾਹਿਬ ਦੇ ਯੁਧ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਰਾਜਾ ਭੀਮ ਚੰਦ ਦੀ ਬਰਾਤ ਨੂੰ ਗੁਰੂ ਸਾਹਿਬ ਨੇ ਪੌਂਟਾ ਸ਼ਹਿਰ ਵਲੋਂ ਨਹੀਂ ਸੀ ਲੰਘਨ ਦਿਤਾ। ਜਿਸ ਕਰ ਕੇ ਭੀਮ ਚੰਦ ਪਹਾੜੀ ਰਾਜਾ ਨਾਰਾਜ਼ ਹੋ ਗਿਆ ਤੇ ਗੁਰੂ ਸਾਹਿਬ ਤੇ ਫ਼ੌਜ ਲੈ ਕੇ ਚੜ੍ਹ ਆਇਆ। ਭੰਗਾਣੀ ਦੇ ਪਿੰਡ ਕੋਲ ਮੋਰਚੇ ਗਡੇ ਗਏ ਤੇ ਯੁਧ ਸ਼ੁਰੂ ਹੋਇਆ। ਇਸ ਮੌਕਿਆ ਤੇ ਕੁਝ ਕੁ ਪਠਾਨ ਗੁਰੂ ਸਾਹਿਬ ਦਾ ਸਾਥ ਛਡ ਗਏ ਅਤੇ ਪਹਾੜੀ ਰਾਜੇ ਦੀ ਫ਼ੌਜ ਨਾਲ ਜਾ ਮਿਲੇ। ਕੁਝ ਉਦਾਸੀ ਸਾਧੂ ਵੀ ਸਾਥ ਛਡ ਗਏ। ਇਸ ਸਮੇਂ ਪੀਰ ਬੁਧੂ ਸ਼ਾਹ ਆਪਣੇ ਭਰਾ ਨਾਲ ਤੇ ਚਾਰ ਪੁੱਤਰਾਂ ਨਾਲ ਗੁਰੂ ਸਾਹਿਬ ਕੋਲ ਸਤ ਸੋ ਜਵਾਨ ਲੈ ਕੇ ਮਦਦ ਲਈ ਪਹੁੰਚ ਗਿਆ। ਘਮਸਾਨ ਦਾ ਯੁਧ ਹੋਇਆ। ਗੁਰੂ ਜੀ ਦੀ ਫ਼ਤਹਿ ਹੋਈ। ਜਦੋਂ ਹਰੀ ਚੰਦ ਪਹਾੜੀ ਫ਼ੌਜ ਦਾ ਸਰਦਾਰ ਮਾਰਿਆ ਗਿਆ ਤਾਂ ਸਿੰਘ ਭੁੱਖੇ ਸ਼ੇਰਾਂ ਵਾਂਗੂ ਪਹਾੜੀ ਫ਼ੌਜ ਤੇ ਟੁਟ ਪਏ ਤੇ ਉਨ੍ਹਾਂ ਨੂੰ ਮਾਰ ਭਗਾਇਆ। ਇਸ ਯੁਧ ਵਿਚ ਪੀਰ ਬੁਧੂ ਸ਼ਾਹ ਦੇ ਦੋ ਪੁੱਤਰ ਤੇ ਗੁਰੂ ਸਾਹਿਬ ਦਾ ਚਚੇਰਾ ਭਾਈ ਜੀਤ ਮਲ ਮਾਰੇ ਗਏ।

ਉਸ ਤੋਂ ਮਗਰੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਪਹੁੰਚੇ ਤੇ ਚਾਰ ਕਿਲ੍ਹੇ ਅਨੰਦ ਗੜ੍ਹ, ਲੋਹਗੜ੍ਹ, ਕੇਸਗੜ੍ਹ ਤੇ ਫ਼ਤਹਿ ਗੜ੍ਹ ਬਣਵਾਏ।

ਸ੍ਰੀ ਅਨੰਦਪੁਰ ਸਾਹਿਬ ਆ ਕੇ ਵੀ ਗੁਰੂ ਸਾਹਿਬ ਨੂੰ ਆਰਾਮ ਦੇ ਦਿਨ ਥੋੜ੍ਹੇ ਹੀ ਕਟਣੇ ਪਏ ਜਦੋਂ ਫੇਰ ਉਨ੍ਹਾਂ ਨੂੰ ਪਹਾੜੀ ਰਾਜਾ ਭੀਮ ਚੰਦ ਵਲੋਂ ਸਹਾਇਤਾ ਭੇਜਣ ਦਾ ਸੁਨੇਹਾ ਮਿਲਿਆ। ਜਮੂੰ ਦਾ ਗਵਰਨਰ ਪਹਾੜੀ ਰਾਜਿਆਂ ਕੋਲੋਂ ਖਿਰਾਜ (ਕਰ) ਮੰਗਦਾ ਸੀ ਤੇ ਉਨ੍ਹਾਂ ਨੇ ਦੇਣ ਤੋਂ ਇਨਕਾਰ ਕੀਤਾ। ਗੁਰੂ ਸਾਹਿਬਾਨ ਨੇ ਕਦੀ ਵੀ ਕਿਸੇ ਨੂੰ ਫ਼ੌਜੀ ਮਦਦ ਦੇਣ ਤੋਂ ਨਾ ਨਹੀਂ ਸੀ ਕੀਤੀ। ਖ਼ਾਲਸਾ ਫ਼ੌਜ ਨੇ ਰਾਜਾ ਭੀਮ ਚੰਦ ਦੀ ਮਦਦ ਕੀਤੀ ਤੇ ਉਸ ਨੂੰ ਨਦਾਉਣ ਦੇ ਥਾਂ ਤੇ ਫ਼ਤਹਿ ਹੋਈ।

ਹੁਣ ਜਦ ਗੁਰੂ ਸਾਹਿਬ ਨੇ ਦੇਖਿਆ ਕਿ ਹਿੰਦੂ ਜਾਤੀ ਵਿਚ ਬਹੁਤ ਸਾਰੇ ਲੋਕ, ਬੜੇ ਹੀ ਡਰੂ ਤੇ ਭਾਗਾਂ ਤੇ ਆਸਰਾ ਰਖਣ ਵਾਲੇ, ਇਛਾ ਰਹਿਤ, ਸਰੀਰਕ ਰੂਪ ਤੇ ਕਮਜ਼ੋਰ ਤੇ ਘਟ ਹੌਂਸਲੇ ਵਾਲੇ ਹਨ, ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਜਦ ਤਕ ਇਨ੍ਹਾਂ ਵਿਚ ਆਤਮ ਸਨਮਾਨ, ਬਹਾਦਰੀ ਤੇ ਦਲੇਰੀ ਦੀ ਸਪਿਰਟ ਨਹੀਂ ਭਰੀ ਜਾਵੇਗੀ, ਇਹ ਉੱਚੇ ਨਹੀਂ ਉਠ ਸਕਣਗੇ ਤੇ ਆਉਣ ਵਾਲੇ ਸਮੇਂ ਵਿਚ ਆਪਣੀ ਰਖਸ਼ਾ ਆਪ ਨਹੀਂ ਕਰ ਸਕਣਗੇ। ਜ਼ੁਲਮ ਅਗੇ ਝੁਕ ਕੇ ਧਰਮ ਵੀ ਛਡਣ ਲਗ ਪੈਣਗੇ। ਇਨ੍ਹਾਂ ਦੇ ਅੰਦਰ ਇਕ ਐਸਾ ਜੋਸ਼, ਬੀਰਤਾ ਤੇ ਦਲੇਰੀ ਭਰਨ ਦੀ ਲੋੜ ਹੈ ਤੇ ਨਾਲ ਹੀ ਨਾਲ ਇਨ੍ਹਾਂ ਦੀ (form) ਸ਼ਕਲ ਵੀ ਐਸੀ ਹੋਵੇ ਕਿ ਦੂਰ ਤੋਂ ਸੈਂਕੜਿਆਂ ਵਿਚ ਖਲੋਤਾ ਹੋਇਆ ਮੇਰਾ ਯੋਧਾ (ਸਿੱਖ) ਪਹਿਚਾਨ ਵਿਚ ਆ ਜਾਵੇ। ਇਹ ਵਿਚਾਰ ਖਾਲਸੇ ਦੀ ਪੈਦਾਇਸ਼ ਲਈ ਇਕ ਭੂਮਕਾ ਸਨ ਜਿਨ੍ਹਾਂ ਨੂੰ ਅਮਲੀ ਰੂਪ ਗੁਰੂ ਸਾਹਿਬਾਨ ਨੇ ਦਿਤਾ।

ਗੁਰੂ ਸਾਹਿਬਾਨ ਨੇ ਸੰਨ ੧੬੯੯ ਦੀ ਵਿਸਾਖੀ ਤੇ ਸਭ ਪਾਸੇ ਸੁਨੇਹੇ ਭੇਜੇ ਤੇ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਹਿਬ ਪੁਜਣ ਲਈ ਹੁਕਮ ਦਿਤਾ। ਗੁਰੂ ਸਾਹਿਬ ਨੇ ਹੁਣ ਐਸੇ ਸੰਤ ਸਿਪਾਹੀ (ਖਾਲਸਾ) ਤਿਆਰ ਕਰਨੇ ਹਨ ਜਿਹੜੇ ਸਹੀ ਮਹਿਨਿਆਂ ਵਿਚ ਅਕਾਲ ਪੁਰਖ ਦੇ ਹੁਕਮ ਪਾਲਣ ਕਰਦਿਆਂ ਹੋਇਆਂ ਖਾਲਸ ਹੋਣ ਅਰਥਾਤ (selfless people devoted to Dharma) ਆਪਾ ਰਹਿਤ ਧਰਮੀ ਹੋਣ। ਸੰਗਤਾਂ ਹੁਮ ਹੁਮਾ ਕੇ ਪਹੁੰਚ ਗਈਆਂ। ਦੀਵਾਨ ਸਜਿਆ ਤੇ ਗੁਰੂ ਸਾਹਿਬਾਨ ਨੇ ਸ਼ੇਰਾਂ ਵਾਲੀ ਗਰਜ ਨਾਲ ਦੋਧਾਰੀ



www.AKJ.Org

ਤਲਵਾਰ ਘੁਮਾਉਂਦਿਆਂ ਹੋਇਆਂ ਕਿਹਾ, "ਕੋਈ ਹੈ ਜੋ ਇਸ ਤਲਵਾਰ ਦੀ ਪਿਆਸ ਆਪਣੇ ਖ਼ੂਨ ਨਾਲ ਬੁਝਾਏ ।" ਚੌਹਾਂ ਪਾਸੇ ਸੱਨਾਟਾ ਛਾ ਗਿਆ । ਗੁਰੂ ਸਾਹਿਬਾਨ ਨੇ ਤਿੰਨ ਵਾਰ ਦੋਹਰਾ ਕੇ ਕਿਹਾ "ਕੋਈ ਹੈ ਐਸਾ ਸਿਖ ਜੋ ਆਪਣਾ ਸੀਸ ਇਸ ਵੇਲੇ ਦੇਵੇ ।" ਇਸ ਪ੍ਰਕਾਰ ਤੇ ਭਾਈ ਦਯਾ ਰਾਮ ਲਾਹੌਰ ਵਾਲੇ ਉਠੇ ਤੇ ਕਿਹਾ, "ਹਜ਼ੂਰ, ਮੇਰਾ ਸੀਸ ਹਾਜ਼ਰ ਹੈ ।" ਉਸ ਨੂੰ ਤੰਬੂ ਵਿਚ ਲੈ ਗਏ ਤੇ ਫੇਰ ਲਹੂ ਭਰੀ ਤਲਵਾਰ ਦੀਵਾਨ ਵਿਚ ਘੁਮਾ ਕੇ ਬੋਲੇ. "ਇਕ ਹੋਰ ਸੀਸ ਦੀ ਲੋੜ ਹੈ" । ਇਸ ਤਰ੍ਹਾਂ ਪੰਜ ਵਾਰ ਬੋਲੇ ਤੇ ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਹਿੰਮਤ ਚੰਦ ਤੇ ਭਾਈ ਸਾਹਿਬ ਚੰਦ ਜੀ ਨੇ ਵਾਰੋ ਵਾਰੀ ਉਠ ਕੇ ਹੁਕਮ ਦੀ ਪਾਲਨਾ ਕੀਤੀ ।

ਜਦ ਪੰਜਾਂ ਸਿੰਘਾਂ ਨੂੰ ਤੰਬੂ ਵਿਚ ਲੈ ਜਾ ਕੇ ਕੁਝ ਸਮੇਂ ਮਗਰੋਂ ਉਨ੍ਹਾਂ ਨੂੰ ਫੇਰ ਗੁਰੂ ਜੀ ਦੀਵਾਨ ਵਿਚ ਲਿਆਏ ਤਾਂ ਤੰਬੂ ਵਿਚੋਂ ਖ਼ੂਨ ਦੀ ਨਦੀ ਨਿਕਲਦੀ ਵੇਖ ਬਹੁਤ ਸਾਰੇ ਬੁਜ਼ਦਿਲ ਭਜ ਗਏ । ਕਈਆਂ ਨੇ ਗੁਰੂ ਸਾਹਿਬ ਬਾਰੇ ਕੁਝ ਦਾ ਕੁਝ ਸੋਚਨਾ ਸ਼ੁਰੂ ਕੀਤਾ । ਇਸ ਸਮੇਂ ਗੁਰੂ ਸਾਹਿਬਾਨ ਨੇ ਫੁਰਮਾਇਆ "ਇਹ ਪੰਜ ਸਿੰਘ 'ਪੰਜ ਪਿਆਰੇ' ਹਨ ਕਿਉਂ ਜੋ ਜਦੋਂ ਕਿਸੇ ਮਨੁਖ ਅੰਦਰੋਂ ਨਿਜ ਭਾਵ (Selfishness) ਨਿਕਲ ਜਾਂਦੀ ਹੈ ਉਦੋਂ ਉਸ ਅੰਦਰ ਕੇਵਲ ਹੌਂਸਲਾ ਤੇ ਸ਼ਕਤੀ ਹੀ ਰਹਿ ਜਾਂਦੀ ਹੈ ਜਿਹੜੀ ਕਿ ਸ਼ੇਰ ਤੋਂ ਵੀ ਜ਼ਿਆਦਾ ਹੁੰਦੀ ਹੈ ।" ਗੁਰੂ ਸਾਹਿਬਾਨ ਨੇ ਫੇਰ ਇਨ੍ਹਾਂ ਹੀ ਪੰਜਾਂ ਪਿਆਰਿਆਂ ਨੂੰ ਪੰਜ ਸਿੰਘ (ਪੰਜ ਸ਼ੇਰ) ਕਰਕੇ ਪੁਕਾਰਿਆ ਕਿ ਇਹ ਸ਼ੇਰ ਹਨ 'ਖਾਲਸਾ' ਹਨ ।

ਇਸ ਮਗਰੋਂ ਗੁਰੂ ਸਾਹਿਬਾਨ ਨੇ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਫੁਰਮਾਇਆ ਕਿ ਹੁਣ ਤੋਂ ਇਨ੍ਹਾਂ ਨੂੰ ਗੁਰੂ ਘਰ ਵਿਚੋਂ ਨਵਾਂ ਜਨਮ ਮਿਲਿਆ ਹੈ । ਇਨ੍ਹਾਂ ਦੇ ਨਾਉਂ ਹਨ-ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ । ਉਸ ਤੋਂ ਮਗਰੋਂ ਗੁਰੂ ਸਾਹਿਬਾਨ ਨੇ ਆਪ ਇਨ੍ਹਾਂ ਕੋਲੋਂ ਅੰਮ੍ਰਿਤ ਛਕਿਆ । "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" । ਜਿਥੇ ਪੰਜਾਂ ਪਿਆਰਿਆਂ ਨੇ ਆਪਾ ਵਾਰ ਕੇ ਸਿਖੀ ਲਈ, ਉਥੇ ਗੁਰੂ ਸਾਹਿਬਾਨ ਨੇ ਅੰਮ੍ਰਿਤ ਦੀ ਦਾਤ ਲੈਣ ਤੇ ਸਰਬੰਸ ਵਾਰਨ ਦਾ ਪ੍ਰਣ ਕੀਤਾ । ਇਹ ਸੀ ਗੁਰਸਿਖੀ ਦਾ ਮੁਲ ਜੋ ਗੁਰੂ ਸਾਹਿਬਾਨ ਨੇ ਅੰਮ੍ਰਿਤ ਦੀ ਦਾਤ ਬਦਲੇ ਦਿਤਾ । ਸਿਘਾਂ ਨੂੰ ਪੰਜ ਕਕਾਰ ਰਖਣ, ਨਿਤਨੇਮ ਕਰਨ ਤੇ ਚਾਰ ਕੁਰਹਿਤਾਂ ਤੋਂ ਬਚਣ ਲਈ ਆਦੇਸ਼ ਦਿਤਾ ।

ਫੇਰ ਸਾਹਿਬਾਂ ਨੇ ਫ਼ੁਰਮਾਇਆ, "ਵਾਹਿਗੁਰੂ, ਖਾਲਸੇ ਦੇ ਸਰੀਰ ਅੰਦਰ ਵਿਸ਼ਵਾਸ ਦੀਆਂ ਅਖਾਂ ਨਾਲ ਦੇਖਿਆ ਜਾ ਸਕਦਾ ਹੈ । ਆਪ ਵੀ ਖਾਲਸਾ ਬਣ ਸਕਦੇ ਹੋ ਜੇ ਆਪ ਏਕਤਾ ਤੇ ਦਲੇਰੀ ਦੇ ਅਸੂਲ ਨੂੰ ਧਾਰਨ ਕਰੋ । ਉਸ ਤੋਂ ਮਗਰੋਂ ਹਜ਼ਾਰਾਂ ਹੀ ਖਾਲਸੇ ਤਿਆਰ ਹੋਏ । ਛੇਤੀ ਹੀ ਖਾਲਸਾ ਫ਼ੌਜ 80 ਹਜ਼ਾਰ ਤਿਆਰ ਹੋ ਗਈ ਤੇ ਖਾਲਸਾ ਲਈ ਤੇ ਹੋਰ ਸਭ ਜਨਤਾ ਲਈ ਖੁਲ੍ਹੇ ਲੰਗਰ ਹੋਣ ਲਗੇ । ਗੁਰੂ ਸਾਹਿਬਾਨ ਨੇ ਸਿਖ ਫ਼ੌਜ ਵਧਾਣੀ ਸ਼ੁਰੂ ਕੀਤੀ ਕਿਉਂ ਜੋ ਉਹ ਜਾਣਦੇ ਸਨ ਕਿ ਜ਼ੁਲਮ ਨਾਲ ਭਾਰੀ ਟੱਕਰ ਹੋਣ ਵਾਲੀ ਹੈ ।

ਅੰਮ੍ਰਿਤ ਸੰਚਾਰ ਤੇ ਖਾਲਸਾ ਸਜਾਨ ਦੀ ਘਟਨਾ ਤੇ ਪਹਾੜੀ ਰਾਜੇ ਹੋਰ ਵੀ ਦੁਸ਼ਮਨ ਬਣ ਗਏ ਤੇ ਗੁਰੂ ਸਾਹਿਬ ਦੇ ਵਿਰੁਧ ਦਿੱਲੀ ਦੀ ਕੇਂਦਰੀ ਸਰਕਾਰ ਕੋਲੋਂ ਮਦਦ ਮੰਗੀ । ਸ਼ਾਹੀ ਫ਼ੌਜਾਂ ਦਾ ਪੂਰਾ ਖ਼ਰਚ ਵੀ ਆਪਣੇ ਸਿਰ ਤੇ ਸਹਿਣ ਦਾ ਇਕਰਾਰ ਕੀਤਾ । ਜਨਰਲ ਦੀਨ ਬੇਗ ਤੇ ਜਨਰਲ ਪੈਂਦੇ ਖਾਂ ਫ਼ੌਜ ਲੈ ਕੇ ਪਹਾੜੀ ਰਾਜਿਆਂ ਨਾਲ ਰੋਪੜ ਆ ਮਿਲੇ । ਸਾਰਿਆਂ ਰਲ ਕੇ ਆਨੰਦਪੁਰ ਸਾਹਿਬ ਤੇ ਜ਼ਬਰਦਸਤ ਹਮਲਾ ਕੀਤਾ । ਲੜਾਈ ਵਿਚ



www.AKJ.Org

ਪੈਂਦੇ ਖਾਂ ਮਾਰਿਆ ਗਿਆ। ਪਹਾੜੀ ਰਾਜੇ ਮੈਦਾਨ ਛਡਕੇ ਨਸ ਗਏ। ਸ਼ਾਹੀ ਫ਼ੌਜਾਂ ਦਾ ਬਹੁਤ ਜਾਨੀ ਨੁਕਸਾਨ ਹੋਇਆ।

ਫੇਰ ਪਹਾੜੀ ਰਾਜਿਆਂ ਨੇ ਰੰਗੜਾਂ ਤੇ ਗੁਜਰਾਂ ਨਾਲ ਮਿਲ ਕੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਤੇ ਹਮਲਾ ਕੀਤਾ। ਇਧਰੋਂ ਸਿੰਘਾਂ ਦੀ ਫ਼ੌਜ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਊਧੇ ਸਿੰਘ ਕਰ ਰਹੇ ਸਨ। ਪਹਾੜੀ ਰਾਜਾ ਕੇਸਰੀ ਚੰਦ ਮਸਤ ਹਾਥੀ ਤੇ ਸਵਾਰ ਸੀ। ਹਾਥੀ ਤੇ ਢਾਲਾਂ ਹੀ ਢਾਲਾਂ ਸਨ। ਹਾਥੀ ਰਾਹੀਂ ਕਿਲ੍ਹੇ ਤੇ ਹਮਲੇ ਦੀ ਤਿਆਰੀ ਸੀ। ਇਸ ਸਮੇਂ ਭਾਈ ਬਚਿਤ੍ਰ ਸਿੰਘ ਜੀ ਨੂੰ ਹੁਕਮ ਹੋਇਆ ਕਿ ਹਾਥੀ ਦਾ ਮੁਕਾਬਲਾ ਕਰੇ। ਗੁਰੂ ਸਾਹਿਬਾਨ ਦੀ ਅਸ਼ੀਰਵਾਦ ਲੈ ਕੇ ਭਾਈ ਸਾਹਿਬ ਨੇ ਹਾਥੀ ਤੇ ਐਸਾ ਭਾਲੇ ਦਾ ਵਾਰ ਕੀਤਾ ਕਿ ਹਾਥੀ ਪਿਛਾਂਹ ਮੁੜ ਭਜਿਆ ਤੇ ਆਪਣੀ ਹੀ ਫ਼ੌਜ ਨੂੰ ਲਤਾੜ ਦਿਤਾ। ਭਾਈ ਊਧੇ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਸਿਰ ਕਟ ਦਿਤਾ। ਖ਼ਾਲਸਈ ਫ਼ੌਜਾਂ ਦੀ ਫ਼ਤਹਿ ਹੋਈ। 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨੇ ਦੁਸ਼ਮਨ ਦੀ ਫ਼ੌਜ ਵਿਚ ਭਗਦੜ ਮਚਾ ਦਿਤੀ ਤੇ ਸਿੰਘਾਂ ਨੇ ਭੁੱਖੇ ਸ਼ੇਰਾਂ ਵਾਂਗ ਦੁਸ਼ਮਨ ਦੀ ਫ਼ੌਜ ਦੇ ਆਹੂ ਲਾਹ ਦਿਤੇ।

ਦੂਜੀ ਵਾਰੀ ਫੇਰ ਪਹਾੜੀ ਰਾਜਿਆਂ ਨੇ ਦਿੱਲੀ ਸ਼ਹਿਨਸ਼ਾਹ ਅਗੇ ਮਦਦ ਲਈ ਬੇਨਤੀ ਕੀਤੀ। ਫੇਰ ਵੀ ਸ਼ਾਹੀ ਫ਼ੌਜਾਂ ਨੂੰ ਕੋਈ ਕਾਮਯਾਬੀ ਨਾਂ ਹੋਈ। ਗੁਰੂ ਸਾਹਿਬ ਦੀ ਵਧਦੀ ਹੋਈ ਤਾਕਤ ਨੂੰ ਦੇਖ ਕੇ ਤੇ ਸ਼ਾਹੀ ਫ਼ੌਜਾਂ ਦੀ ਬਾਰ ਬਾਰ ਹਾਰ ਵੇਖਣ ਤੇ ਔਰੰਗਜ਼ੇਬ ਨੇ ਦਿੱਲੀ, ਸਰਹੰਦ ਤੇ ਲਾਹੌਰ ਦੇ ਸੂਬਿਆਂ ਰਾਹੀਂ ਇਕ ਵੱਡੀ ਫ਼ੌਜ ਇਕੱਠੀ ਕੀਤੀ ਤੇ ਇਸ ਸਮੇਂ ਆਨੰਦਪੁਰ ਸਾਹਿਬ ਦੇ ਕਿਲ੍ਹੇ ਤੇ ਜ਼ਬਰਦਸਤ ਹਮਲਾ ਕੀਤਾ। ਕਿਲ੍ਹੇ ਦਾ ਪੂਰੀ ਤਰ੍ਹਾਂ ਘੇਰਾ ਕਰ ਲਿਆ। ਖ਼ਾਲਸਈ ਫ਼ੌਜਾਂ ਦੀ ਰਾਸ਼ਨ ਦੀ ਸਪਲਾਈ ਕਟ ਦਿਤੀ ਗਈ। ਸਿੰਘਾਂ ਨੂੰ ਦਰੱਖ਼ਤਾਂ ਦੇ ਪੱਤਿਆਂ ਤੇ ਰਹਿਣਾ ਪਿਆ। ਸਿੰਘਾਂ ਨੇ ਗੁਰੂ ਸਾਹਿਬ ਨੂੰ ਕਿਲ੍ਹਾ ਛਡਣ ਦੀ ਸਲਾਹ ਦਿਤੀ। ਔਰੰਗਜ਼ੇਬ ਨੇ ਆਪਣੇ ਦੂਤਾਂ ਰਾਹੀਂ ਇਹ ਸੁਨੇਹਾ ਭੇਜਿਆ, "ਜੇ ਆਪ ਕਿਲ੍ਹਾ ਛਡ ਦਿਉ ਤਾਂ ਅਸੀਂ ਆਪ ਨੂੰ ਕੁਝ ਨਹੀਂ ਕਹਾਂਗੇ।" ਗੁਰੂ ਸਾਹਿਬ ਸਿੰਘਾਂ ਦੀ ਦੁਬਾਰਾ ਬੇਨਤੀ ਤੇ ਕਿਲ੍ਹਾ ਛਡਨ ਲਈ ਤਿਆਰ ਹੋ ਗਏ।

ਏਧਰ ਸ਼ਾਹੀ ਦੂਤਾਂ ਨੂੰ ਕਿਹਾ ਗਿਆ ਕਿ ਅਸੀਂ ਕਿਲ੍ਹਾ ਖ਼ਾਲੀ ਕਹ ਰਹੇ ਹਾਂ, ਪਰ ਅਸੀਂ ਮਾਲ ਧਨ ਕਲ ਲੈ ਜਾਵਾਂਗੇ। ਗੁਰੂ ਸਾਹਿਬ ਨੂੰ ਦੁਸ਼ਮਨ ਦੀਆਂ ਕਸਮਾਂ ਤੇ ਸ਼ਕ ਸੀ। ਅਗਲੇ ਦਿਨ ਠੀਕਰੀਆਂ ਤੇ ਗੰਦ ਬਲਾ ਇਤਿਆਦ ਨਾਲ ਬੇਲਾਂ ਨੂੰ ਲਦ ਕੇ ਉਤੇ ਸੋਹਣੇ ਰੇਸ਼ਮੀ ਕਪੜੇ ਪਾ ਕੇ ਕਿਲ੍ਹੇ ਤੋਂ ਬਾਹਰ ਕਢਿਆ। ਸ਼ਾਹੀ ਫ਼ੌਜਾਂ ਧਨ ਲੁਟਣ ਲਈ ਟੁਟ ਪਈਆਂ, ਪਰ ਉਨ੍ਹਾਂ ਨੂੰ ਸ਼ਰਮਿੰਦਗੀ ਉਠਾਣੀ ਪਈ। ਗੁਰੂ ਸਾਹਿਬ ਨੇ ਸਿੰਘਾਂ ਨੂੰ ਦਸਿਆ ਕਿ ਦੁਸ਼ਮਨ ਦੀ ਨੀਯਤ ਕੈਸੀ ਖ਼ਰਾਬ ਸੀ। ਹੁਣ ਸਿੰਘ ਕਾਫ਼ੀ ਹਦ ਤਕ ਭੁਖ ਪਿਆਸ ਸਹਾਰ ਚੁਕੇ ਸਨ। ਗੁਰੂ ਸਾਹਿਬਾਨ ਨੂੰ ਫੇਰ ਕਿਲ੍ਹਾ ਛਡਨ ਤੇ ਮਜਬੂਰ ਕਰਨ ਲਗੇ। ਗੁਰੂ ਜੀ ਨੇ ਕਿਹਾ, "ਜਿਹੜੇ ਸਿੰਘ ਜਾਣਾ ਚਾਹੁਣ, ਉਹ ਜਾ ਸਕਦੇ ਹਨ, ਪਰ ਲਿਖ ਕੇ ਦੇ ਜਾਣ ਕਿ "ਅਸੀਂ ਗੁਰੂ ਕੇ ਸਿਖ ਨਹੀਂ ਹਾਂ" ਕਈ ਬੇਦਾਵਾ ਦੇ ਗਏ ਪਰ ਜਦੋਂ ਅਖੀਰ ਤੇ ਬਹੁਤ ਮਜਬੂਰੀਆਂ ਕਾਰਨ ਆਨੰਦ ਪੁਰ ਸਾਹਿਬ ਦਾ ਕਿਲ੍ਹਾ ਛਡਣਾ ਪਿਆ ਤੇ ਖ਼ਾਲਸਈ ਫ਼ੌਜ ਸਰਸਾ ਪਹੁੰਚੀ। ਫੇਰ ਸ਼ਾਹੀ ਫ਼ੌਜ ਨੇ ਹਮਲਾ ਕਰ ਦਿਤਾ। ਫੇਰ ਗੁਰੂ ਸਾਹਿਬ ਚਮਕੌਰ ਸਾਹਿਬ ਪਹੁੰਚੇ। ਇਥੇ ਇਕ 'ਹਵੇਲੀ' ਵਿਚ ਠਹਿਰੇ। ਸ਼ਾਹੀ ਫ਼ੌਜਾਂ ਨੇ ਫੇਰ ਘੇਰ ਲਿਆ। ਹਵੇਲੀ ਅੰਦਰ 40 ਸਿੰਘ ਸਨ। ਇਥੇ ਗੁਰੂ ਸਾਹਿਬਾਨ ਦੇ ਦੋ ਵਡੇ ਸਾਹਿਬਜ਼ਾਦੇ ਤੇ ਭਾਈ ਊਧੇ ਸਿੰਘ ਜੀ ਵੀ ਸੀ।



www.AKJ.Org

ਚਮਕੌਰ ਸਾਹਿਬ ਤੇ ਸਰਸਾ ਦੀ ਲੜਾਈ ਵਿਚ 'ਤਿੰਨ ਪਿਆਰੇ' ਤੇ ਭਾਈ ਊਧੇ ਸਿੰਘ ਜਰਨੈਲ ਤੇ ਦੋ ਵਡੇ ਸਾਹਿਬਜ਼ਾਦੇ ਸ਼ਹੀਦ ਹੋਏ ! ਇਥੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੋਹਾਂ ਸਾਹਿਬਜ਼ਾਦਿਆਂ ਨੇ ਜੰਗ ਦੇ ਕਰਤਬ ਦਿਖਾ ਕੇ ਸ਼ਹੀਦੀ ਪ੍ਰਾਪਤ ਕੀਤੀ । ਗੁਰੂ ਸਾਹਿਬ ਜਦ ਆਪ ਹਵੇਲੀ ਤੋਂ ਬਾਹਰ ਨਿਕਲ ਕੇ ਜੰਗ ਵਿਚ ਜਾਣ ਲਗੇ ਤਾਂ ਸਿੰਘ ਪੈਰਾਂ ਤੇ ਡਿਗ ਪਏ ਤੇ ਜੋਦੜੀਆਂ ਕਰਨ ਲਗੇ ਕਿ ਆਪ ਜੰਗ ਵਿਚ ਨਾ ਜਾਉ । ਆਪ ਦੀ ਜ਼ਿੰਦਗੀ ਦੀ ਸਾਨੂੰ ਅਜੇ ਕਾਫ਼ੀ ਲੋੜ ਹੈ । ਜੇ ਆਪ ਜ਼ਿੰਦਾ ਰਹੇ ਤਾਂ ਸਾਡੇ ਜਿਹੇ ਲਖਾਂ ਹੋਰ ਪੈਦਾ ਕਰ ਦਿਉਗੇ । ਅਖੀਰ ਤੇ ਗੁਰੂ ਸਾਹਿਬ ਖ਼ਾਲਸੇ ਦੇ ਹੁਕਮ ਅਗੇ ਝੁਕ ਗਏ ਕਿਉਂ ਜੋ ਗੁਰੂ ਸਾਹਿਬਾਨ ਨੇ ਆਪ ਖ਼ਾਲਸਾ (ਗੁਰੂ ਰੂਪ) ਕੋਲੋਂ ਅੰਮ੍ਰਿਤ ਪਾਨ ਕੀਤਾ ਸੀ । ਖ਼ਾਲਸੇ ਦਾ ਹੁਕਮ ਅਟੱਲ ਸਮਝ ਕੇ ਗੁਰੂ ਸਾਹਿਬ ਜੰਗ ਵਿਚ ਨਾ ਗਏ । ਗੁਰੂ ਸਾਹਿਬ ਅਗਲੀ ਰਾਤ ਤਿੰਨ ਸਿੰਘਾਂ ਨਾਲ ਹਵੇਲੀ ਵਿਚੋਂ ਨਿਕਲੇ । ਤੀਰਾਂ ਦੀ ਬੁਛਾੜ ਕਰਦਿਆਂ ਹੋਇਆਂ ਦੁਸ਼ਮਨ ਤੋਂ ਬਚ ਕੇ ਆਪ ਗੁਰੂ ਸਾਹਿਬ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਨਿਕਲੇ ਤੇ ਤਿੰਨ ਸਿੰਘ ਵਿਛੜ ਗਏ ।

ਇਥੇ ਵੀ ਜਦੋਂ ਸ਼ਾਹੀ ਫ਼ੌਜਾਂ ਆ ਘੇਰਿਆ- ਤਾਂ ਨਬੀ ਖਾਂ ਤੇ ਗਨੀ ਖਾਂ ਦੋ ਮੁਸਲਮਾਨ ਚੇਲਿਆਂ ਦੀ ਮਦਦ ਨਾਲ ਗੁਰੂ ਜੀ ਸਦਾ ਘੇਰੇ ਵਿਚੋਂ "ਉਚ ਦਾ ਪੀਰ" ਬਣ ਕੇ ਨਿਕਲ ਗਏ । ਇਥੇ ਉਹ ਤਿੰਨ ਵਿਛੜੇ ਹੋਏ ਸਿੰਘ ਭੀ ਆ ਮਿਲੇ ।

ਜਦੋਂ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਛਡ ਚੁਕੇ ਸਨ, ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਨੂੰ ਗੰਗੂ ਨਾਲ ਜਾਣਾ ਪਿਆ । ਗੰਗੂ ਨੇ ਧੋਖੇ ਨਾਲ ਇਨ੍ਹਾਂ ਨੂੰ ਸਰਹੰਦ ਦੇ ਸੂਬੇ ਦੇ ਹਵਾਲੇ ਕਰ ਦਿਤਾ । ਸੂਬੇ ਨੇ ਬੱਚਿਆਂ ਨੂੰ ਮੁਸਲਮਾਨ ਹੋਣ ਲਈ ਕਿਹਾ ਪਰ ਸ਼ੇਰਾਂ ਨੇ ਆਪਣੀ ਖ਼ਾਲਸਈ ਸ਼ਾਨ ਤੇ ਬੀਰਤਾ ਨਾਲ ਮੂੰਹ ਤੋੜਵਾਂ ਜਵਾਬ ਦਿਤਾ ਤੇ ਈਨ ਨਹੀਂ ਮੰਨੀ । ਦੀਵਾਰਾਂ ਵਿਚ ਚਿਣਾਏ ਗਏ ਪਰ ਸਿਖੀ ਧਰਮ ਦੀ ਸ਼ਾਨ ਕਾਇਮ ਰਖੀ । ਸਾਹਿਬਜ਼ਾਦਿਆਂ ਦੀ ਸ਼ਹੀਦੀ ਸੁਣ ਕੇ ਮਾਤਾ ਜੀ ਨੇ ਪ੍ਰਾਨ ਤਿਆਗ ਦਿਤੇ । ਜਦੋਂ ਗੁਰੂ ਸਾਹਿਬਾਨ ਨੂੰ ਇਹ ਖ਼ਬਰ ਮਿਲੀ, ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰ ਕੀਤਾ ਤੇ ਆਪਣੇ ਬੱਚਿਆਂ ਦੀ ਕਾਮਯਾਬੀ ਤੇ ਫ਼ਤਹਿ ਤੇ ਪ੍ਰਸੰਨਤਾ ਜ਼ਾਹਿਰ ਕੀਤੀ ਜਿਨ੍ਹਾਂ ਨੇ ਜ਼ੁਲਮ ਅਗੇ ਨਿਰਭੈਤਾ ਦਿਖਾਈ ।

ਬੇਦਾਵਾ ਦੇਣ ਵਾਲੇ ਮਾਝੇ ਦੇ 40 ਸਿੰਘ ਫੇਰ ਗੁਰੂ ਸਾਹਿਬ ਵਲ, ਘਰਾਂ ਤੋਂ ਫਿਟਕਾਰਾਂ ਖਾ ਕੇ ਚਲ ਪਏ । ਖਿਦਰਾਨਾ ਤੇ ਮੁਕਤਸਰ ਦੇ ਪਿੰਡਾਂ ਤੇ ਸ਼ਾਹੀ ਫ਼ੌਜਾਂ ਨਾਲ ਮੁਠ ਭੀੜ ਹੋਈ । ਗੁਰੂ ਸਾਹਿਬ ਇਸ ਸਮੇਂ ਇਕ ਪਹਾੜੀ ਤੋਂ ਸਿੰਘਾਂ ਦੀ ਮਦਦ ਲਈ ਸ਼ਾਹੀ ਫ਼ੌਜਾਂ ਤੇ ਤੀਰਾਂ ਨਾਲ ਹਮਲਾ ਕਰ ਰਹੇ ਸਨ । ਖ਼ਾਲਸਈ ਜਿਤ ਮਗਰੋਂ ਸ਼ਾਹੀ ਫ਼ੌਜਾਂ ਮੈਦਾਨ ਛਡ ਨਸੀਆਂ । ਇਥੇ ਉਹ 40 ਸਿੰਘ ਸ਼ਹੀਦ ਹੋਏ । ਗੁਰੂ ਸਾਹਿਬ ਮੈਦਾਨ ਵਿਚ ਪਹੁੰਚੇ ਤੇ ਇਕ ਇਕ ਨੂੰ ਉਠਾ ਕੇ ਪਿਆਰ ਕੀਤਾ ਤੇ ਉਨ੍ਹਾਂ ਦੀ ਬੀਰਤਾ ਦੀ ਦਾਦ ਦਿਤੀ । ਇਨ੍ਹਾਂ ਨੂੰ "40 ਮੁਕਤੇ" ਕਿਹਾ । ਇਨ੍ਹਾਂ ਵਿਚੋਂ ਇਕ ਸਿੰਘ ਜਿਸਦਾ ਨਾਉਂ ਮਹਾਂ ਸਿੰਘ ਸੀ ਅਜੇ ਸਿਸਕ ਹੀ ਰਿਹਾ ਸੀ ਕਿ ਗੁਰੂ ਸਾਹਿਬ ਨੇ ਫੁਰਮਾਇਆ, "ਮੰਗ ਕੀ ਮੰਗਦਾ ਹੈਂ" । 40 ਸਿੰਘਾਂ ਦੇ ਸ਼ਰੋਮਣੀ ਨੇ ਕਿਹਾ, "ਅਸੀਂ ਭੁਲ ਕੀਤੀ ਸੀ, ਉਹ ਬੇਦਾਵੇ ਵਾਲਾ ਕਾਗਜ਼ ਫਾੜ ਦਿਉ ।" ਗੁਰੂ ਸਾਹਿਬ ਨੇ ਉਸ ਦੇ ਆਖਰੀ ਸਵਾਸਾਂ ਸਮੇਂ ਕਾਗਜ਼ ਫਾੜ ਕੇ ਕਿਹਾ ਕਿ ਤੂੰ ਤੇ ਤੇਰੇ ਸਾਥੀ ਸਦਾ ਲਈ ਅਮਰ ਹਨ ।

ਕੁਝ ਸਮੇਂ ਮਗਰੋਂ ਗੁਰੂ ਜੀ ਤਲਵੰਡੀ ਸਾਬੋ ਪਹੁੰਚੇ । ਇਸ ਨੂੰ ਅਜ ਕਲ ਦਮਦਮਾ ਸਾਹਿਬ ਕਹਿੰਦੇ


www.AKJ.Org

ਹਨ। ਇਥੋਂ ਦੇ ਸਰਦਾਰ 'ਡੱਲਾ' ਨੇ ਗੁਰੂ ਸਾਹਿਬ ਦੀ ਬਹੁਤ ਇਜ਼ਤ ਕੀਤੀ ਤੇ ਗੁਰੂ ਸਾਹਿਬਾਨ ਦੇ ਅਨੰਦਪੁਰ ਛਡਣ ਤੇ ਹੋਰ ਜੰਗਾਂ ਵਿਚ ਮਾਲੀ ਤੇ ਜਾਨੀ ਨੁਕਸਾਨ ਨੂੰ ਸੁਣ ਕੇ ਬਹੁਤ ਦੁਖੀ ਹੋਇਆ। ਉਸ ਨੇ ਨਵਾਬ ਵਜ਼ੀਦ ਖਾਂ ਦੀਆਂ ਧਮਕੀਆਂ ਦੀ ਵੀ ਪਰਵਾਹ ਨਾ ਕੀਤੀ ਤੇ ਗੁਰੂ ਸਾਹਿਬ ਦੀ ਸ਼ਰਨ ਦੀ ਯਾਚਨਾ ਕੀਤੀ। ਗੁਰੂ ਸਾਹਿਬ ਨੇ ਭਾਈ ਡੱਲੇ ਨੂੰ ਤਿਆਰ-ਬਰ-ਤਿਆਰ ਕਰ ਕੇ ਡੱਲਾ ਸਿੰਘ ਬਣਾ ਦਿਤਾ। ਇਥੇ ਗੁਰੂ ਸਾਹਿਬਾਨ ਦੇ ਮਹਿਲ ਦਿੱਲੀ ਤੋਂ ਗੁਰੂ ਜੀ ਕੋਲ ਪਹੁੰਚ ਗਏ। ਜਦੋਂ ਬੱਚਿਆਂ ਬਾਰੇ ਪੁਛਿਆ, ਗੁਰੂ ਸਾਹਿਬ ਨੇ ਫੁਰਮਾਇਆ, "ਹੁਣ ਮੇਰੀ ਤੇ ਤੇਰੀ ਝੋਲੀ ਵਿਚ 'ਖਾਲਸਾ' ਹੈ ਜਿਹੜਾ ਕਿ ਸਦਾ ਲਈ ਅਮਰ ਹੈ। ਕੀ ਹੋਇਆ ਜੇ ਚਾਰੇ ਲਾਲ ਸ਼ਹੀਦ ਹੋ ਗਏ। ਦਾਤੇ ਦੀ ਅਮਾਨਤ ਮੈਂ ਦਾਤੇ ਨੂੰ ਵਾਪਸ ਕਰ ਦਿਤੀ ਹੈ।"

ਇਸ ਸਮੇਂ ਤਕ ਔਰੰਗਜ਼ੇਬ ਵੀ ਪਰਲੋਕ ਸੁਧਾਰ ਗਿਆ ਤੇ ਬਹਾਦਰ ਸ਼ਾਹ ਉਸਦਾ ਛੋਟਾ ਪੁੱਤਰ ਰਾਜ ਗੱਦੀ ਤੇ ਬੈਠਾ। ਉਸਦੀ ਗੱਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਨੇ ਉਸਦੀ ਕਾਫ਼ੀ ਮਦਦ ਕੀਤੀ ਤੇ ਉਹ ਗੁਰੂ ਸਾਹਿਬਾਨ ਦਾ ਮੁਰੀਦ ਹੋ ਗਿਆ।

ਫੇਰ ਗੁਰੂ ਸਾਹਿਬ ਨਦੇੜ ਵਲ ਗਏ। ਇਥੇ ਬੰਦਾ ਬੈਰਾਗੀ ਨਾਲ ਮੁਲਾਕਾਤ ਹੋਈ। ਉਸ ਨੇ ਆਪਣੀ ਸ਼ਕਤੀ ਦਾ ਕੁਚੱਜੇ ਢੰਗ ਨਾਲ ਪ੍ਰਯੋਗ ਕਰਕੇ ਬਹੁਤ ਸਾਰਿਆਂ ਯਾਤਰੂਆਂ ਨੂੰ ਦੁਖੀ ਕੀਤਾ ਹੋਇਆ ਸੀ। ਉਸ ਦਾ ਜਾਦੂ ਗੁਰੂ ਸਾਹਿਬ ਤੇ ਨਾ ਚਲ ਸਕਿਆ ਤੇ ਉਹ ਚਰਨੀਂ ਢਹਿ ਪਿਆ। ਗੁਰੂ ਸਾਹਿਬਾਂ ਨੇ ਉਸ ਨੂੰ ਪੰਜਾਬ ਵਲ ਸੁਧਾਰ ਲਈ ਭੇਜਿਆ। ਬੰਦਾ ਸਿੰਘ ਨੂੰ ਪੰਜ ਤੀਰ ਤੇ ਪੰਜ ਸਿੰਘ ਨਾਲ ਦਿਤੇ। ਸਿਖ ਸੰਗਤਾਂ ਨੂੰ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋਣ ਦਾ ਹੁਕਮਨਾਮਾ ਵੀ ਦਿਤਾ। ਉਸਨੇ ਸਰਹੰਦ ਦੇ ਵਜ਼ੀਦ ਖਾਂ ਨੂੰ ਬੁਰੀ ਹਾਰ ਦਿਤੀ।

ਜਦੋਂ ਗੁਰੂ ਸਾਹਿਬ ਤੇ ਉਸ ਸਮੇਂ ਦੇ ਦਿੱਲੀ ਦੇ ਰਾਜਾ ਬਹਾਦਰ ਸ਼ਾਹ ਦੀ ਮਿਤ੍ਰਤਾ ਦਾ ਪਤਾ ਵਜ਼ੀਦ ਖਾਂ ਨੂੰ ਲਗਿਆ, ਉਸ ਦੇ ਦਿਲ ਵਿਚ ਗੁਰੂ ਸਾਹਿਬ ਦਾ ਭੈ ਬੈਠ ਗਿਆ। ਉਸ ਨੇ ਗੁਰੂ ਸਾਹਿਬ ਨੂੰ ਮਾਰਨ ਲਈ ਪਠਾਨ ਤਿਆਰ ਕੀਤੇ ਜਿਨ੍ਹਾਂ ਨੇ ਚੋਰੀ ਚੋਰੀ ਗੁਰੂ ਸਾਹਿਬ ਤੇ ਹਮਲਾ ਕਰਕੇ ਜ਼ਖਮੀ ਕਰ ਦਿਤਾ। ਭਾਵੇਂ ਹਮਲਾ ਕਰਨ ਵਾਲੇ ਪਠਾਨਾਂ ਨੂੰ ਸਿਖਾਂ ਨੇ ਮਾਰ ਹੀ ਦਿਤਾ ਪਰ ਗੁਰੂ ਸਾਹਿਬਾਨ ਦੇ ਪੇਟ ਵਿਚ ਕਾਫੀ ਜ਼ਖਮ ਹੋਇਆ।

ਇਸ ਘਟਨਾ ਤੋਂ ਕੁਝ ਸਮਾਂ ਮਗਰੋਂ ਜਦੋਂ ਗੁਰੂ ਸਾਹਿਬਾਨ ਨੇ ਦੇਖਿਆ ਕਿ ਹੁਣ ਅਸਾਂ "ਪੰਥ ਪ੍ਰਚੁਰ ਕਰਬੇ ਕੋ ਸਾਜਾ" ਵਾਲਾ ਹੁਕਮ ਅਕਾਲ ਪੁਰਖ ਦੀ ਸਹਾਇਤਾ ਨਾਲ ਪੂਰਾ ਕਰ ਲਿਆ ਹੈ। ਇਕ ਦਿਨ ਗੁਰੂ ਗਰੰਥ ਸਾਹਿਬ ਜੀ ਅਗੇ ਲਗੇ ਦੀਵਾਨ ਵਿਚ ਸੀਸ ਝੁਕਾ ਕੇ ਸਦਾ ਵਾਸਤੇ ਗੁਰ-ਗੱਦੀ ਦਾ ਮਾਲਕ ਸ੍ਰੀ ਗੁਰ ਗਰੰਥ ਸਾਹਿਬ ਨੂੰ ਘੋਸ਼ਨਾ ਕਰਦਿਆਂ ਹੋਇਆਂ ਸੰਗਤਾਂ ਨੂੰ ਕਿਹਾ, "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ"। ਇਹ ਇਕ ਬੇਮਿਸਾਲ ਫ਼ਿਲਾਸਫ਼ੀਕਲ ਨੁਕਤਾ ਸੀ, ਜਿਸ ਨਾਲ 'ਸ਼ਬਦਾ ਅਵਤਾਰ' ਖਾਲਸੇ ਲਈ ਸਦਾ ਲਈ ਮੁਕਰਰ ਹੋਇਆ। ਸਦੀਵੀ ਗੁਰੂ ਸ਼ਬਦ ਰੂਪ ਹੈ। ਇਸ ਨਾਲ ਦੇਹਧਾਰੀ ਗੁਰੂਆਂ ਦੇ ਹੋਣ ਵਾਲੇ ਝਗੜੇ ਬੰਦ ਕਰ ਦਿਤੇ। ਖਾਲਸੇ ਨੂੰ ਗੁਰੂ ਗਰੰਥ ਅਗੇ ਹੀ ਸੀਸ ਨਿਵਾਨ ਲਈ ਹੁਕਮ ਹੋਇਆ।

ਜਿਥੇ ਦਸਮੇਸ਼ ਪਿਤਾ ਨੇ ਸਿੰਘ ਸਜਾਏ ਉਥੇ ਨਾਲ ਹੀ ਨਾਲ ਉਨ੍ਹਾਂ ਦੀ ਬੀਰਤਾ ਨੂੰ ਸਦਾ ਕਾਇਮ ਰਖਣ ਲਈ ਬੀਰ-ਰਸ ਉਪਜਾਊ ਬਾਣੀ ਦੀ ਰਚਨਾ ਕਰਕੇ ਖਾਲਸੇ ਨੂੰ ਉਸਦਾ ਪਾਠ ਕਰਨ ਲਈ ਵੀ ਆਦੇਸ਼ ਦਿਤਾ। ਦਸਾਂ ਗੁਰੂਆਂ ਦੀ ਗੁਰਬਾਣੀ ਵੀ ਅਨੋਖੀ ਦਾਤ



www.AKJ.Org

"ਪਿਊ ਦਾਦੇ ਦਾ ਖਜ਼ਾਨਾ" ਜਦੋਂ ਗੁਰਸਿਖ ਖੋਲ੍ਹ ਕੇ ਪੜ੍ਹਨ ਉਦੋਂ ਉਹ ਪੂਰਨ ਗੁਰਸਿਖ ਬਣ ਜਾਣ ਤੇ ਵਕਤ ਆਉਣ ਤੇ ਜ਼ੁਲਮ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਵੀ ਰਹਿਣ। ਇਹ ਗੁਰੂ ਸਾਹਿਬ ਦੇ ਜੀਵਨ ਉਦੇਸ਼ ਸਨ, ਸੰਦੇਸ਼ ਸਨ ਜੋ ਖਾਲਸੇ ਨੂੰ ਦਿਤੇ ਗਏ।

ਦਸਮੇਸ਼ ਗੁਰੂ ਜੀ ਦੀ ਬਾਣੀ ਬਾਰੇ ਇਸ਼ਾਰੇ ਮਾਤ੍ਰ ਇਉਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਇਕ ਅਰੋਕ ਚਾਲ ਹੈ ਜਿਹੜੀ ਕਿ ਪੜ੍ਹਨ ਵਾਲੇ ਅੰਦਰ ਇਕ ਅਜੀਬ ਸ਼ਕਤੀ ਪੈਦਾ ਕਰਦੀ ਹੈ ਜਿਸਦਾ ਸੰਬੰਧ ਅਕਾਲ ਪੁਰਖ ਨਾਲ ਹੈ। ਉਨ੍ਹਾਂ ਦੀ ਬਾਣੀ ਇਕ ਸੰਦੇਸ਼ ਹੈ। ਖਾਲਸੇ ਦੇ ਦਿਲ ਨੂੰ ਐਸੀ ਛੋਹ ਦੇਂਦੀ ਹੈ ਕਿ ਮਿਕਨਾਤੀਸੀ ਅਸਰ ਅੰਦਰ ਸੁਭਾਵਕ ਹੀ ਬਾਣੀ ਵਲ ਖਿਚਿਆ ਆਉਂਦਾ ਹੈ। ਕੁਝ ਪ੍ਰੇਮੀ ਸਜਨ ਜੋ ਅਕਾਲ ਉਸਤਤਿ ਦਾ ਪਾਠ ਕਰਦੇ ਹਨ ਯਾ ਜਿਨ੍ਹਾਂ ਨੂੰ ਜ਼ਬਾਨੀ ਯਾਦ ਹੈ ਇਹ ਜ਼ਰੂਰ ਮਹਿਸੂਸ ਕਰਦੇ ਹੋਣਗੇ ਕਿ ਜਿੰਨਾ ਚਿਰ ਉਹ ਅਕਾਲ ਉਸਤਤਿ ਦਾ ਪਾਠ ਕਰਦੇ ਹਨ ਇਕ ਅਜੀਬ ਕਿਸਮ ਦੀ ਮਸਤੀ ਤੇ ਵਜਦ ਉਨ੍ਹਾਂ ਤੇ ਛਾ ਜਾਂਦਾ ਹੈ ਜਿਹੜਾ ਕਿ ਉਨ੍ਹਾਂ ਨੂੰ ਚੜ੍ਹਦੀ ਕਲਾ ਬਖਸ਼ਦਾ ਹੈ। ਸਿਖ ਨੂੰ ਉਤਸ਼ਾਹ ਤੇ ਦਲੇਰੀ ਦਾ ਨਸ਼ਾ ਆ ਜਾਂਦਾ ਹੈ। ਜਿਥੇ ਗੁਰੂ ਗਰੰਥ ਸਾਹਿਬ ਦਾ ਪਾਠ ਮਨੁਖ ਅੰਦਰ ਸਦਾਚਾਰ, ਭਗਤੀ ਦੀ ਭਾਵਨਾ ਪ੍ਰਕਾਸ਼-ਮਾਨ ਕਰਦਾ ਹੈ ਉਥੇ ਦਸਮੇਸ਼ ਪਿਤਾ ਦੀ ਬਾਣੀ ਖਾਲਸੇ ਅੰਦਰ ਬੀਰ ਰਸ ਪੈਦਾ ਕਰਕੇ ਮਨੁਖ ਨੂੰ ਨਮੂਨੇ ਦਾ ਮਰਦ ਬਣਾਉਂਦੀ ਹੈ ਤੇ ਖਾਲਸਾ ਪੂਰਨ ਰੂਪ ਤੇ ਪੂਰਾ ਗੁਰਸਿਖ (ਸੰਤ ਸਿਪਾਹੀ) ਬਣ ਜਾਂਦਾ ਹੈ। ਧੰਨ ਭਾਗ ਹਨ ਉਨ੍ਹਾਂ ਗੁਰਸਿਖਾਂ ਦੇ ਜਿਹੜੇ ਗੁਰਬਾਣੀ ਦੇ ਰਸੀਏ ਹਨ।

ਦਸਮੇਸ਼ ਗੁਰ ਨੇ ਇਤਨਾ ਮਹਾਨ ਕੰਮ ਕਰਦਿਆਂ ਹੋਇਆਂ ਵੀ ਆਪਣੀ ਵਿਯਕਤੀ ਪੂਜਾ ਨਹੀਂ ਕਰਵਾਈ ਤੇ ਕਿਹਾ, "ਜੋ ਹਮ ਕੋ ਪ੍ਰਮੇਸ਼ਰ ਉਚਰੇ, ਤੇ ਜਨ ਨਰਕ ਕੁੰਡ ਮੇ ਪਰਹੇਂ ॥ ਮੈਂ ਹੂ ਪਰਮ ਪੁਰਖ ਕੋ ਦਾਸਾ, ਦੇਖਨ ਆਇਓ ਜਗਤ ਤਮਾਸ਼ਾ ।" ਕੈਸੀ ਕਮਾਲ ਦੀ (greatness) ਹੈ, ਵੱਡਾਪਨ ਹੈ।

ਗੁਰੂ ਸਾਹਿਬ ਨੇ ਜੀਵਨ ਭਰ ਆਪ ਦੁਖ ਸਹਿਨ ਕਰਕੇ, ਖਾਲਸਾ ਤਿਆਰ ਕਰਕੇ, ਖਾਲਸਾ ਨੂੰ "ਸਵਾ ਲਾਖ ਸੇ ਏਕ ਲੜਾਊਂ" ਦੇ ਮੁਤਾਬਕ ਬੀਰਤਾ ਪ੍ਰਦਾਨ ਕਰਕੇ ਪਿਆਰ ਕੀਤਾ। ਕਿਹਾ, "ਇਨ ਹੀ ਕ੍ਰਿਪਾ ਸੇ ਸਜੇ ਹਮ ਹੈਂ, ਨਹੀ ਮੋ ਸਉ ਗਰੀਬ ਕਰੋਰ ਪੜੇ ਹੈਂ"। ਖਾਲਸਾ ਜੀ ਨੂੰ ਬਹੁਤ ਸਨਮਾਨਿਆ।

ਵਾਹੁ ਵਾਹੁ ਗੁਰ ਗੋਬਿੰਦ 'ਸਿੰਘ ਤੇ ਵਾਹੁ ਵਾਹੁ ਤੇਰੇ ਕਾਰਨਾਮੇ। "ਖਾਲਸਾ ਮੇਰਾ ਰੂਪ ਹੈ ਖਾਸ" ਤਕ ਖਾਲਸੇ ਦੀ ਬਾਬਤ ਕਹਿੰਦਿਆਂ ਹੋਇਆਂ ਖਾਲਸੇ ਨੂੰ ਆਪਣੀ ਜਿੰਦ ਜਾਨ ਤੋਂ ਜ਼ਿਆਦਾ ਪਿਆਰ ਕਰਕੇ ਅਮਲੀ ਤੌਰ ਤੇ ਸਜੇ ਗੁਰੂ ਤੇ ਖਾਲਸਾ ਜੀ ਦੇ ਸਿਰਜਨ-ਹਾਰ ਹੋਣ ਦਾ ਸਬੂਤ ਦੁਨੀਆਂ ਅਗੇ ਪੇਸ਼ ਕੀਤਾ।

ਗੁਰਸਿਖਾਂ ਨੂੰ ਪਾਖੰਡ ਤੇ ਪਰਪੰਚ ਤਿਆਗਣ ਤੇ ਇਹਨਾਂ ਤੋਂ ਨਿਰਲੇਪ ਰਹਿਣ ਲਈ ਉਪਦੇਸ਼ ਦਿਤਾ। ਇਸ ਲਈ ਭਾਈ ਊਧੋ ਸਿੰਘ ਸ਼ਿਕਾਰੀ ਦੀ ਵਾਰਤਾ ਗਵਾਹ ਹੈ। ਜਦੋਂ ਭਾਈ ਊਧੋ ਸਿੰਘ ਨੇ ਸ਼ੇਰ ਦੀ ਖਲ ਪੇਸ਼ ਕੀਤੀ ਤਾਂ ਗੁਰੂ ਸਾਹਿਬ ਨੇ ਉਹ ਰਾਤ ਵੇਲੇ ਇਕ ਗੱਧੇ ਨੂੰ ਪਹਿਨਾ ਦਿਤੀ। ਲੋਗ ਉਸ ਕੋਲੋਂ ਡਰਨ ਲਗੇ। ਪਰ ਜਦੋਂ ਉਸ ਨੇ ਆਪਣੀ ਅਸਲੀ ਆਵਾਜ਼ ਨਾਲ ਬੋਲਣਾ ਸ਼ੁਰੂ ਕੀਤਾ ਤਾਂ ਲੋਕਾਂ ਦਾ ਡਰ ਜਾਂਦਾ ਰਿਹਾ। ਉਸ ਸਮੇਂ ਸਾਹਿਬਾਂ ਨੇ ਫੁਰਮਾਇਆ, "ਸਿੰਘੋ ਭੇਖ ਤੋਂ ਬਚੋ ਤੇ ਅਸਲੀ ਬਣਨਾ ਸਿਖੋ।

ਇਕ ਵਾਰੀ ਇਕ ਸੁੰਦਰ ਲੜਕੇ ਦੇ ਹਥੋਂ ਪਾਣੀ ਦਾ ਕਟੋਰਾ ਗੁਰੂ ਸਾਹਿਬ ਨੇ ਕਬੂਲ ਨਾ ਕੀਤਾ ਤੇ



www.AKJ.Org

ਜ਼ਮੀਨ ਤੇ ਪਾਣੀ ਗਿਰਾ ਦਿਤਾ। ਦਸਿਆ ਕਿ ਜਿਹੜੇ ਹਥ ਸੇਵਾ ਕਰਨ ਦੇ ਆਦੀ ਨਾ ਹੋਣ ਉਨ੍ਹਾਂ ਤੋਂ ਪਾਣੀ ਪੀਣਾ ਠੀਕ ਨਹੀਂ। ਸਿਖੀ ਅਮਲੀ ਜੀਵਨ ਦਾ ਨਾਉਂ ਹੈ। ਸਿਖੀ ਅਕ੍ਰੋ (ਕ੍ਰਿਆ ਹੀਨ) ਹੋ ਜਾਣ ਦਾ ਨਾਮ ਨਹੀਂ ਸਿਖੀ ਸੇਵਾ ਨਾਲ ਮਿਲਦੀ ਹੈ। ਸੇਵਾ ਸਿਖੀ ਦੀ ਪਹਿਲੀ ਪਉੜੀ ਹੈ। ਸੇਵਾ ਉਪਕਾਰ ਪੈਦਾ ਕਰਦੀ। ਉਪਕਾਰ ਨਾਲ ਮਨ ਦੀ ਮੈਲ ਉਤਰਦੀ ਹੈ। ਇਹ ਸੁਣ ਕੇ ਸਿਖ ਨੌਜਵਾਨ ਨੇ ਭੁਲ ਬਖਸ਼ਾਈ ਤੇ ਸੇਵਾ ਕਰਨ ਲਗਾ।

ਦਸਮੇਸ਼ ਪਿਤਾ ਨੇ ਇਕ ਨਵਾਂ ਤਜਰਬਾ ਕਰਕੇ ਦਸਿਆ ਕਿ ਨੇਕੀ, ਧਰਮ, ਇਖਲਾਕ, ਸਦਾਚਾਰ ਨੂੰ ਹਥੋਂ ਨਹੀਂ ਦੇਣਾ। ਬਾਣੀ, ਨਾਮ ਦੀ ਟੇਕ ਰਖਣੀ ਹੈ ਤੇ ਫੇਰ ਬੀਰ ਰਸੀ ਕਾਰਜ ਕਰਨੇ ਹਨ। ਇਕ ਸਿਖ ਜੰਗ ਵਿਚ ਜਾਂਦਾ ਹੋਇਆ ਘੋੜੇ ਤੇ ਸਵਾਰੀ ਕਰਦਾ ਹੋਇਆ ਘੋੜੇ ਦੀਆਂ ਟਾਪਾਂ ਨਾਲ ਜਾਪ ਸਾਹਿਬ ਦੀ ਇਕਸੁਰਤਾ ਬਣਾ ਲੈਂਦਾ ਹੈ। ਜਿਥੇ ਉਹ ਸੰਤ ਹੈ ਉਥੇ ਨਾਲ ਦੁਸ਼ਟਾਂ ਦਾ ਨਾਸ ਕਰਨ ਵਾਲਾ ਸਿਪਾਹੀ ਵੀ ਹੈ।

**ਆਉ, ਗੁਰੂ ਕੇ ਸਿਖੋ ਤੇ ਆਪਣੇ ਆਪ ਨੂੰ ਉਸ ਗੁਰੂ ਦੇ ਸਿਖ ਕਹਿਲਾਉਣ ਵਾਲਿਓ, ਜ਼ਰਾ ਸਭ ਆਪਣੇ ਆਪਣੇ ਅੰਦਰ ਝਾਤੀਆਂ ਮਾਰੋ ਤੇ ਦੇਖੋ ਕਿ ਕਿਸ ਹਦ ਤਕ ਅਸੀਂ ਉਸ ਗੁਰੂ ਦੇ ਕੀਤੇ ਹੋਏ ਇਹਸਾਨ ਯਾਦ ਰਰਕੇ ਆਪਣੇ ਆਪ ਨੂੰ ਉਸ ਦੇ ਦਸੇ ਹੋਏ ਆਦੇਸ਼ਾਂ ਤੇ ਚਲਾ ਰਹੇ ਹਾਂ ਤੇ ਕਿਥੋਂ ਤਕ ਅਸਾਂ ਆਪਣੇ ਆਪ ਨੂੰ 'ਹੁਕਮੀ ਬੰਦਾ' ਬਣਾਇਆ ਹੈ।** ਜੇ ਐਸੇ ਗੁਰਸਿਖ ਹਨ ਤਾਂ ਉਨ੍ਹਾਂ ਦਾ ਜੀਵਨ ਮੁਬਾਰਕ ਹੈ ਉਹ ਪੂਜਨਯੋਗ ਹਨ। "ਉਸ ਕੇ ਮੁਹਿ ਡਿਠੈ ਸਭ ਪਾਪੀ ਤਰਿਆ" ਦੇ ਅਨੁਸਾਰ ਉਨ੍ਹਾਂ ਦਾ ਜੀਵਨ ਦੂਜਿਆਂ ਲਈ ਚਮਕਦੀ ਮਿਸਾਲ ਹਨ।

ਇਥੇ ਜੇ ਅਜ ਕਲ ਦੀ ਸਿਖੀ-ਦੁਨੀਆਂ ਦੀ ਹਾਲਤ ਦਸੀ ਜਾਏ ਤਾਂ ਕਾਫ਼ੀ ਵਰਨਣ ਦੀ ਲੋੜ ਹੈ। ਸੰਕੇਤ ਰੂਪ ਵਿਚ ਇਹੀ ਕਹਿਣਾ ਪਵੇਗਾ ਕਿ ਸਾਨੂੰ ਅਕ੍ਰਿਤਘਨ ਨਹੀਂ ਬਨਣਾ ਚਾਹੀਦਾ। ਸਿਖੀ ਦੇ ਅਸੂਲਾਂ ਨੂੰ ਪਾਲਨ ਕਰਦਿਆਂ ਹੋਇਆਂ ਆਉਣ ਵਾਲੀਆਂ ਨਸਲਾਂ ਅਗੇ ਚੰਗਾ ਨਮੂਨਾ ਪੇਸ਼ ਕਰਨਾ ਚਾਹੀਦਾ ਹੈ। ਡੰਬੀ ਗੁਰੂਆਂ ਤੇ ਵਿਆਪਾਰੀਆਂ ਅਖਉਤੀ ਗੁਰੂਆਂ ਦੇ ਪੰਜੇ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਆਪਣੇ ਗੁਰੂ (ਸਬਦਾ ਅਵਤਾਰ, ਗੁਰੂ ਗਰੰਥ ਸਾਹਿਬ ਜੀ) ਤੇ ਪੂਰਾ ਨਿਸਚਾ ਰਖਕੇ ਆਪਣੇ ਧਰਮ ਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਡੋਲਨਾ ਨਹੀਂ ਚਾਹੀਦਾ ਤਾਂ ਹੀ ਫਿਰ ਅਸੀਂ ਉਸ ਗੁਰੂ ਦੇ ਸਿਖ ਕਹਿਲਾਉਣ ਦੇ ਕਾਬਲ ਬਣ ਸਕਾਂਗੇ।

---


# ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਦੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ। ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ।

ਮਿਸਤਰੀ ਉਜਾਗਰ ਸਿੰਘ,
ਮਹੱਲਾ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ।




www.AKJ.Org

# ਆਪ ਨੂੰ ਇਹ ਅਰਥ ਆਉਂਦੇ ਹਨ ?

(ਉੱਤਰਾ ਲਈ ਦੇਖੋ ਸਫ਼ਾ 31)

੧. ਪਰਗ੍ਰਿਹੁ ... ... ਜੈਸਾ ਸੰਗੁ ਬਿਸੀਅਰੁ ਸਿਉ ਹੈ
ਰੇ ਤੈਸੋ ਹੀ ਇਹੁ ਪਰ ਗ੍ਰਿਹੁ ।

੨. ਬਲਾਇ ... ... ਹਰਿ ਸਿਮਰਤ ਤੇਰੀ ਜਾਇ ਬਲਾਇ ।

੩. ਮਰਿ ਜੀਵਾ ... (ੳ) ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ।

ਮਰ ਜੀਵੜਾ .. (ਅ) ਭਗਤਿ ਕਰਹਿ ਮਰਜੀਵੜੇ
ਗੁਰਮੁਖਿ ਭਗਤਿ ਸਦਾ ਹੋਇ ।

੪. ਆਨੀਤਾ ... ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ ।

੫. ਅਨਿੰਨ ... ਦਾਸ ਅਨਿੰਨ ਮੇਰੋ ਨਿਜ ਰੂਪ ।

੬. ਸਾਧਾਰਿਆ ... ਗੁਰ ਡਿਠਾ ਤਾ ਮਨੁ ਸਾਧਾਰਿਆ ।
ਸ਼ਾਧਾਰ

੭. ਬਿਖਰਿਓ ... ਹਰਿ ਭਇਓ ਖਾਂਡ ਰੇਤੁ ਮਹਿ
ਬਿਖਰਿਓ ਹਸਤੀ ਚੁਨਿਓ ਨ ਜਾਈ ।

੮, ਬਿਖਾੜਾ ... ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ।

੯. ਮਮਤਾ ... (ੳ) ਮੇਰੀ ਰਾਖੈ ਮਮਤਾ ।
(ਅ) ਹਉਮੈ ਮਮਤਾ ਮਾਇਆ ।

੧੦, ਮਨਿ ਮੁਖਿ ... ਮਨਿ ਮੁਖਿ ਨਾਮੁ ਜਪਹੁ ਜਗਜੀਵਨ ।

੧੧, ਲਾਗੂ ... ਤੂੰ ਵਿਸਰਹਿ ਤਾ ਸਭੁ ਕੋ ਲਾਗੂ ।

੧੨. ਬਿਮੁਚਤੇ ... ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ।

———



www.AKJ.Org

# ਸਾਡਾ ਪਿਤਾ ਅਤੇ ਅਸੀਂ

—ਭਾਈ ਸਾਹਿਬ ਗੁਰਚਰਨ ਸਿੰਘ ਜੀ ਐਮ. ਏ. (ਧਰਮ ਅਧਿਅਨ ਤੇ ਪੰਜਾਬੀ)

ਅੰਮ੍ਰਿਤ ਛਕਣ ਵੇਲੇ ਗੁਰੂ ਰੂਪ ਪੰਜ ਪਿਆਰਿਆਂ ਵਲੋਂ ਸਾਨੂੰ ਹੋਰ ਹੁਕਮਾਂ ਦੇ ਨਾਲ ਇਹ ਵੀ ਹੁੱਕਮ ਦੇ ਮਿਲਦਾ ਹੈ ਕਿ ਅੱਜ ਤੋਂ ਤੁਹਾਡੇ ਧਰਮ ਪਿਤਾ, ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ ਅਤੇ ਧਰਮ ਮਾਤਾ, ਮਾਤਾ ਸਾਹਿਬ ਕੌਰ ਜੀ ਹਨ।

ਆਉ ਅਸੀਂ ਵਿਚਾਰੀਏ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਡੇ ਧਰਮ ਪਿਤਾ ਬਣ ਕੇ ਸਾਨੂੰ ਕੀ ਸਿਖਿਆ ਦਿੱਤੀ ਹੈ ਅਤੇ ਉਹਨਾਂ ਇਸ ਪਿਤਾ ਵਾਲੇ ਫ਼ਰਜ਼ ਨੂੰ ਕਿਵੇਂ ਨਿਭਾਇਆ ਹੈ। ਜਿਵੇਂ ਸੰਸਾਰਕ ਪਿਤਾ ਚਾਹੁੰਦਾ ਹੈ ਕਿ ਮੇਰਾ ਪੁੱਤਰ ਮੇਰੇ ਵਰਗਾ ਜਾਂ ਮੇਥੋਂ ਵੀ ਚੰਗਾ ਹੋਵੇ। ਭਾਵੇਂ ਚੰਗੇ ਮੰਦੇ ਹੋਣ ਦਾ ਦ੍ਰਿਸ਼ਟੀਕੋਣ ਵਖੋ ਵਖ ਹੋ ਸਕਦਾ ਹੈ। ਤਿਵੇਂ ਹੀ ਸਾਡੇ ਸਤਿਕਾਰ ਯੋਗ ਪਿਤਾ ਗੁਰੂ ਗੋਬਿੰਦ ਸਿੰਘ ਜੀ ਆਪਣੇ ਪੁੱਤਰਾਂ ਤੋਂ ਵੀ ਇਹੋ ਆਸ ਰੱਖਦੇ ਹਨ ਕਿ ਉਹਨਾਂ ਦੇ ਪੁੱਤਰ ਉਹਨਾਂ ਦੇ ਨਾਲੋਂ ਕਿਸੇ ਗਲੋਂ ਵੀ ਘੱਟ ਨਾ ਹੋਣ।

ਜਦੋਂ ਅਕਾਲ ਪੁਰਖ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਵਿਚਾਰਾਂ ਹੋਈਆਂ ਤਾਂ ਅਕਾਲ ਪੁਰਖ ਵਾਹਿਗੁਰੂ ਜੀ ਨੇ ਪਹਿਲੀ ਗੱਲ ਹੀ ਇਹ ਕਹੀ— ਕਿ ਮੈਂ ਤੈਨੂੰ ਆਪਣਾ (ਸੁਤ) ਪੁੱਤਰ ਬਣਾਕੇ ਨਿਵਾਜਦਾ ਹਾਂ। ਨਾਲ ਹੀ ਹੁਕਮ ਕੀਤਾ ਕਿ ਆਪਣੇ ਜਿਹੇ ਪੁੱਤਰ (ਖ਼ਾਲਸੇ) ਪੈਦਾ ਕਰੋ ਜੋ ਦੁਸ਼ਟਾਂ ਦਾ ਨਾਸ ਕਰਨ ਅਤੇ ਸੰਤਾਂ ਦੀ ਰੱਖਿਆ ਕਰਨ। ਇਉਂ ਅਕਾਲ ਪੁਰਖ ਵਾਹਿਗੁਰੂ ਜੀ ਤੋਂ ਵਰ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਆਪਣਾ ਸਰੂਪ ਬਖਸ਼ਿਆ। ਆਪਣੇ ਜਿਹਾ ਬਣਾ ਕੇ ਅਕਾਲ ਪੁਰਖ ਦੀ ਝੋਲੀ ਪਾਇਆ।

ਕਹਿਣ ਨੂੰ ਤਾਂ ਭਾਵੇਂ ਅਸੀਂ ਸਾਰੇ ਉਸੇਦੇ ਪੁੱਤਰ ਹਾਂ ਸਿੱਖ ਹਾਂ। ਪਰ ਵਿਚਾਰਨ ਯੋਗ ਵਿਚਾਰ ਹੈ ਕਿ ਸਾਡੇ ਪਿਤਾ ਨੇ ਸਾਨੂੰ ਕੀ ਬਣਾਉਣਾ ਚਾਹਿਆ ਅਤੇ ਅਸੀਂ ਕੀ ਹਾਂ ? ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪਿਤਾ ਅਕਾਲ ਪੁਰਖ ਸਦਾ ਸਦਾ ਕ੍ਰਿਪਾਲੂ ਹੈ, ਦਿਆਲੂ ਹੈ ਤਿਵੇਂ ਹੀ ਪਿਤਾ ਗੁਰੂ ਗੋਬਿੰਦ ਸਿੰਘ ਜੀ ਸਾਡੇ ਉਤੇ ਸਦਾ ਦਿਆਲ ਰਹੇ। ਭਾਵੇਂ ਔਖੇ ਸਮੇਂ, ਭੁੱਖ ਅਤੇ ਦੁੱਖ ਤੋਂ ਘਬਰਾ ਕੇ ਅਸੀਂ ਬੇਦਾਵਾ ਲਿਖ ਕੇ ਗਏ— ਕਿ ਅਸੀਂ ਤੇਰੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ। ਪਰ ਪਿਤਾ ਜੀ ਕ੍ਰਿਪਾਲੂ ਹੀ ਰਹੇ। ਸਭ ਕੁਝ ਕੁਰਬਾਨ ਕਰਕੇ ਜਦੋਂ ਆਪ ਨੇ ਦੇਖਿਆ ਕਿ ਔਖੇ ਸਮੇਂ ਛੱਡ ਗਏ ਪੁੱਤਰਾਂ ਨੇ ਆਪਣੀ ਕੁਰਬਾਨੀ ਦੇ ਕੇ ਪਿਛਲੀ ਗਲਤੀ ਮੰਨ ਲਈ ਹੈ ਅਤੇ ਬੇਦਾਵਾ ਪੜਵਾਉਣਾ ਚਾਹੁੰਦੇ ਹਨ ਤਾਂ ਇਕ ਦਮ ਬੇਦਾਵਾ ਪਾੜ ਦਿੰਦੇ ਹਨ ਅਤੇ ਟੁੱਟੀ ਗੰਢ ਦਿੰਦੇ ਹਨ। ਟੁੱਟੀ ਗੰਢਣ ਵੇਲੇ ਕਿਰਪਾਲੂ ਪਿਤਾ ਨੇ ਇਹ ਨਹੀਂ ਸੋਚਿਆ ਏਹੀਓ ਪੁੱਤਰ ਔਖੇ ਵੇਲੇ ਛੱਡ ਗਏ ਸਨ।

ਕੀ ਅਸੀਂ ਸੰਸਾਰ ਵਿੱਚ ਵਿਚਰਦੇ, ਕਾਰ ਵਿਹਾਰ ਕਰਦੇ, ਕਿਰਪਾਲੂ ਪਿਤਾ ਵਰਗੇ ਬਣਕੇ ਆਪਣੇ ਬੱਚਿਆਂ ਅਤੇ ਸਾਥੀਆਂ ਦੇ ਔਗਣ ਅਨਡਿਠ ਕਰਦੇ ਹਾਂ। ਕਿਸੇ ਦੀ ਕੀਤੀ ਹੋਈ ਵਧੀਕੀ ਨੂੰ ਭੁਲਾ ਕੇ ਉਸ ਨੂੰ ਪਿਆਰਦੇ ਹਾਂ। ਕੀ ਅਸੀਂ ਯੋਗ ਪੁੱਤਰ ਹਾਂ ਜਦੋਂ ਧਾਰਮਕ ਜਾਂ



www.AKJ.Org

ਰਾਜਸੀ ਲੜਾਈਆਂ ਲੜਦੇ ਇਕ ਦੂਸਰੇ ਦੀਆਂ ਪਗਾਂ ਉਤਾਰਦੇ ਹਾਂ। ਵਿਰੋਧੀ ਉਤੇ ਝੂਠੇ ਦੂਸ਼ਣ ਲਾਉਂਦੇ ਹਾਂ। ਵਿਰੋਧੀ ਦੇ ਨਿੱਕੇ ਨਿੱਕੇ ਔਗੁਣਾਂ ਨੂੰ ਵੱਡਾ ਕਰਕੇ ਦਸਦੇ ਹਾਂ। ਸਾਡੇ ਪਿਤਾ ਨੇ ਜਿੱਥੇ ਆਪ ਭਾਂਤ ਭਾਂਤ ਦੀ ਸਿਖਿਆ ਲੈ ਕੇ ਆਪਣੇ ਆਪ ਨੂੰ ਸੰਪੂਰਨ ਬਣਾਇਆ ਉਥੇ ਨਾਲ ਹੀ ਸਾਨੂੰ ਭਾਂਤ ਭਾਂਤ ਦੀ ਸਿਖਿਆ ਦੇ ਕੇ ਪੂਰਨ ਕਰਨ ਦਾ ਯਤਨ ਕੀਤਾ। ਘੋੜ ਸਵਾਰੀ, ਗਤਕੇ ਬਾਜ਼ੀ, ਸ਼ਸਤਰ ਬਾਜ਼ੀ ਅਤੇ ਚੰਗੀ ਖੁਰਾਕ ਰਾਹੀਂ ਸਰੀਰਕ ਪ੍ਰਫੁਲਤਾ ਦਿਤੀ। ਨਾਮ ਬਾਣੀ ਅਤੇ ਕੀਰਤਨ ਰਾਹੀਂ ਸਾਨੂੰ ਆਤਮਕ ਖੁਰਾਕ ਦਿੱਤੀ। ਧਰਮ ਦਾ ਝੰਡਾ ਝੁਲਾਕੇ ਰਣਜੀਤ ਨਗਾਰੇ ਬਜਾਕੇ ਸਾਨੂੰ ਮਾਨਸਕ ਦ੍ਰਿੜ੍ਹਤਾ ਬਖਸ਼ੀ। ਵਿਚਾਰਨ ਯੋਗ ਗੱਲ ਇਹ ਹੈ ਕਿ ਅਸੀਂ ਚੰਗੀ ਖੁਰਾਕ ਅਤੇ ਰੋਜ਼ਾਨਾ ਵਰਜ਼ਸ਼ ਰਾਹੀਂ ਆਪਣੇ ਬੱਚਿਆ ਨੂੰ ਸਰੀਰਕ ਅਰੋਗਤਾ ਪਰਦਾਨ ਕਰ ਰਹੇ ਹਾਂ। ਨਾਮ ਬਾਣੀ ਅਤੇ ਕੀਰਤਣ ਨਾਲ ਪਰੇਮ ਪੁਆਕੇ ਬਚਿਆਂ ਨੂੰ ਆਤਮਕ ਤੇ ਮਾਨਸਕ ਖੁਰਾਕ ਦੇ ਰਹੇ ਹਾਂ। ਗਲਤ ਰਹਿਣੀ ਬਹਿਣੀ ਅਤੇ ਕੁਸੰਗਤ ਕਰਕੇ, ਨਾਮ ਬਾਣੀ ਅਤੇ ਇਤਿਹਾਸ ਵਲੋਂ, ਮੂੰਹ ਮੋੜ ਕੇ ਜੇ ਸਾਡੇ ਬੱਚੇ ਕੁਰਾਹੇ ਪਏ ਹੋਏ ਹਨ ਤਾਂ ਅਸੀਂ ਵੀ ਕਸੂਰਵਾਰ ਹਾਂ ਆਪਣੇ ਬੱਚਿਆਂ ਨੂੰ ਵਿਗਾੜਨ ਦੇ। ਅਸੀਂ ਪਿਤਾ ਬਣਕੇ, ਲੀਡਰ ਬਣਕੇ ਜੇ ਬੱਚਿਆਂ ਦੀ ਸਰਬ ਪੱਖੀ ਸ਼ਖਸੀਅਤ ਵੱਲ ਧਿਆਨ ਨਹੀਂ ਦੇ ਰਹੇ ਤਾਂ ਅਸੀਂ ਪਿਤਾ ਕਹਾਉਣ ਦਾ ਹੱਕ ਨਹੀਂ ਰਖਦੇ।

ਹਰ ਪਿਤਾ ਦੀ ਇੱਛਾ ਹੁੰਦੀ ਹੈ ਕਿ ਉਸ ਦਾ ਪੁੱਤਰ ਚੰਗੇ ਆਚਰਣ ਵਾਲਾ ਹੋਵੇ। ਉੱਚੇ ਆਚਰਣ ਨੂੰ ਪਿਤਾ ਗੁਰੂ ਗੋਬਿੰਦ ਸਿਘ ਜੀ ਨੇ ਕਿੰਨੀ ਮਹਾਨਤਾ ਦਿੱਤੀ ਹੈ। ਇਕ ਸਾਖੀ ਪ੍ਰਚਲਤ ਹੈ ਕਿ ਇਕ ਵਾਰੀ ਕੁਝ ਸੰਗਤ ਦੇ ਨਾਲ ਇਕ ਸਿੱਖ ਗੁਰੂ ਜੀ ਦੇ ਦਰਬਾਰ ਪੁੱਜਾ ਤੇ ਰੋਂਦਾ ਰੋਂਦਾ ਕਹਿਣ ਲਗਾ ਕਿ ਰਸਤੇ ਵਿੱਚ ਮੈਨੂੰ ਮੁਗਲ ਹਾਕਮਾਂ ਨੇ ਜ਼ਬਰਦਸਤੀ ਤਰਕ ਬਣਾ ਦਿੱਤਾ ਹੈ। ਗੁਰੂ ਜੀਨੇ ਕਿਹਾ ਕਿ ਤੈਨੂੰ ਤੁਰਕ ਕਿਵੇਂ ਬਣਾਇਆ ਹੈ। ਤਾਂ ਸਿੱਖ ਨੇ ਕਿਹਾ ਜਬਰਨ ਕਲਮਾਂ ਪੜ੍ਹਾ ਦਿਤਾ ਹੈ। ਤਾਂ ਗੁਰੂ ਜੀ ਨੇ ਫੁਰਮਾਇਆ ਅਜੇ ਤੂੰ ਤੁਰਕ ਨਹੀਂ ਹੋਇਆ। ਤਾ ਸਿੱਖ ਨੇ ਫਿਰ ਕਿਹਾ ਜੀ ਮੇਰੀ ਜਬਰਨ ਸੁੰਨਤ ਕਰ ਦਿੱਤੀ ਹੈ। ਤਾਂ ਗੁਰੂ ਸਾਹਿਬ ਕਿਹਾ ਕਿ ਅਜੇ ਵੀ ਤੂੰ ਤੁਰਕ ਨਹੀਂ ਨਹੀਂ ਬਨਿਆ। ਤਾਂ ਸਿਖ ਸੰਗਤਾਂ ਪੁਛਿਆ ਤਾਂ ਫਿਰ ਤੁਰਕ ਕਿਵੇਂ ਬਣਦਾ ਹੈ। ਤਾਂ ਗੁਰੂ ਸਹਿਬ ਉਤਰ ਦਿੱਤਾ ਕਿ ਜਦੋਂ ਮੇਰਾ ਸਿੱਖ ਪਰਾਈ ਇਸਤ੍ਰੀ ਤੁਰਕਣੀ ਨਾਲ ਕੁਸੰਗਤ ਕਰਦਾ ਹੈ ਉਦੋਂ ਹੀ ਉਹ ਤੁਰਕ ਹੁੰਦਾ ਹੈ। ਜਬਰਨ ਧਰਮ ਬਦਲਣ ਨਾਲ ਜਾਂ ਕੋਈ ਧਾਰਮਕ ਕ੍ਰਿਆ ਕਰਨ ਕਰਾਉਣ ਨਾਲ ਤੁਰਕ ਨਹੀਂ ਬਣ ਜਾਈਦਾ। ਜਦੋਂ ਮਨ ਕਰਕੇ ਮੇਰਾ ਸਿੱਖ ਪਤਿਤ ਕਰਮ ਕਰਕੇ ਅਚਰਣ ਹੀਣ ਹੋ ਜਾਂਦਾ ਹੈ, ਉਦੋਂ ਹੀ ਉਹ ਤੁਰਕ ਬਣਦਾ ਹੈ। ਉਪਰੋਕਤ ਸਾਖੀ ਤੋਂ ਸਪਸ਼ਟ ਹੈ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਆਪਣੇ ਪੁੱਤਰਾਂ ਨੂੰ ਕਿੰਨਾ ਉੱਚਾ ਦੇਖਣਾ ਚਾਹੁੰਦੇ ਸਨ। ਏਸੇ ਲਈ ਤਾਂ ਉਹਨਾਂ ਆਪਣੇ ਪਿਤਾ ਦੇ ਬਚਨਾਂ ਨੂੰ ਇਉਂ ਦਿਰੜਾਇਆ ਹੈ—

ਸੁਧ ਜਬ ਤੇ ਹਮ ਧਰੀ, ਬਚਨ ਗੁਰ ਰਿਦੇ ਹਮਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੀਅਹੁ ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਅਹੁ ॥

ਸ੍ਰੀ ਅਨੰਦ ਪੁਰ ਛੱਡਣ ਵੇਲੇ ਮਾਤਾ ਗੁਜਰੀ ਜੀ ਨੇ ਕਿਹਾ ਕਿ ਸਾਰਾ ਪੂਜਾ ਦਾ ਧਨ ਜੋ ਵਰਤਣ ਤੋਂ ਬਚ ਗਿਆ ਹੈ, ਸਿੱਖਾਂ ਵਿਚ ਵੰਡ ਦੇਵੋ। ਤਾਂ ਉਪਕਾਰੀ ਪਿਤਾ ਜੀ ਨੇ ਕਿਹਾ—ਕਿ ਮੈਂ ਆਪਣੇ ਪੁੱਤਰਾਂ ਨੂੰ ਜ਼ਹਿਰ ਕਿਵੇਂ ਦੇ ਸਕਦੇ ਹਾਂ। ਇਹ ਪੂਜਾ ਦਾ ਧਾਨ ਜ਼ਹਿਰ ਸਮਾਨ ਹੈ ਜੋ ਮੇਰੇ ਪੁੱਤਰਾਂ ਦੇ ਵਰਤਣ ਲਾਇਕ ਨਹੀਂ। ਏਸ ਲਈ ਦਰਿਆ ਵਿਚ ਰੋੜ ਦਿੱਤਾ।

ਪ੍ਰਸ਼ਨ ਉਠਦਾ ਹੈ ਕਿ ਕੀ ਅਸੀਂ ਪੂਜਾ ਦੇ ਧਾਨ



www.AKJ.Org

ਲਈ ਲੜਦੇ ਤਾਂ ਨਹੀਂ ਹਾਂ। ਆਸੀਂ ਆਪਣੇ ਪੁਤਰ ਧੀਆਂ ਲਈ ਤਾਂ ਇਹ ਧਨ ਨਹੀਂ ਵਰਤਦੇ। ਸਾਨੂੰ ਚੰਗੇ ਪਿਤਾ ਬਣਕੇ ਆਪਣੇ ਬੱਚਿਆਂ ਨੂੰ ਕੇਵਲ ਦਸਾਂ ਨੌਹਾਂ ਦੀ ਕ੍ਰਿਤ ਨਾਲ ਹੀ ਪਾਲਣ ਪੋਸਣ ਕਰਨਾ ਚਾਹੀਦਾ ਹੈ। ਬਿਗਾਨਾਂ ਧਨ ਜ਼ਹਿਰ ਰੂਪ ਸਮਝਣਾ ਚਾਹੀਦਾ ਹੈ ਜਿਸ ਦੀ ਵਰਤੋਂ ਸਾਡੇ ਬੱਚਿਆਂ ਨੂੰ ਭਾਗਸ਼ੀਲ ਨਹੀਂ ਬਣਾ ਸਕਦੀ। ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਅਸੀਂ ਸਿੱਖ ਪੁੱਤਰ ਕਿੰਨੇ ਪਿਆਰੇ ਸਾਂ। ਜਦੋਂ ਚਮਕੌਰ ਦੀ ਗੜ੍ਹੀ ਵਿੱਚ ਦਿਨ ਦੀ ਲੜਾਈ ਪਿਛੋਂ ਕੁਝ ਚੋਣਵੇਂ ਸਿੱਖ ਅਤੇ ਦੋ ਸਹਿਬਜ਼ਾਦੇ ਰਹਿ ਗਏ ਤਾਂ ਸਿੱਖਾਂ ਨੇ ਬੇਨਤੀ ਕੀਤੀ-ਸੱਚੇ ਪਾਤਸ਼ਾਹ ਆਪ ਪੁੱਤਰਾਂ ਨੂੰ ਲੈ ਕੇ ਗੜ੍ਹੀ ਵਿਚੋਂ ਨਿਕਲ ਜਾਓ, ਅਸੀਂ ਸ਼ਹੀਦੀਆਂ ਪਾਵਾਂਗੇ। ਤਾਂ ਸਹਿਬ ਨੇ ਕਿਹਾ 'ਤੁਸੀ ਕਿਹੜੇ ਪੁੱਤਰਾਂ ਦੀ ਗੱਲ ਕਰਦੇ ਹੋ।' ਜਦ ਸਿੱਖਾਂ ਸਹਿਬਜ਼ਾਦਿਆਂ ਵੱਲ ਇਸ਼ਾਰਾ ਕੀਤਾ ਤਾਂ ਸੱਚੇ ਪਾਤਸ਼ਾਹ ਨੇ ਕਿਹਾ— 'ਕੀ ਤੁਸੀਂ ਮੇਰੇ ਪੁਤਰ ਹੋ ? ਮੇਰੇ ਸਾਹਿਬਜ਼ਾਦੇ ਨਹੀਂ ? ਉਨ੍ਹਾਂ ਦ੍ਰਿੜਤਾ ਨਾਲ ਕਿਹਾ ਕਿ ਇਹਨਾਂ ਪੁੱਤਰਾਂ ਸਣੇ ਹੀ ਮੈਂ ਤੁਹਾਡੇ ਨਾਲ ਸ਼ਹੀਦ ਹੋਵਾਂਗਾ।

ਵਾਹ ਕਿਹਾ ਦਿਲ ਸੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ। ਕਿਹਾ ਪਿਆਰ ਸਿੱਖ ਪੁਤਰਾਂ ਲਈ। ਭਲਾ ਜੇ ਸਹਿਬਜ਼ਾਦੇ ਤੇ ਗੁਰੂ ਜੀ ਬਚ ਕੇ ਨਿਕਲ ਜਾਂਦੇ ਤਾਂ ਅਸੀਂ ਕਹਿਣਾ ਸੀ—ਲਓ ਜੀ, ਗੁਰੂ ਗੋਬਿੰਦ ਸਿੰਘ ਜੀ ਨੇ ਲੜਾਈ ਵਿੱਚ ਬਿਗਾਨੇ ਪੁੱਤਰ ਮਰਵਾ ਦਿੱਤੇ ਤੇ ਆਪਣੇ ਬੱਚਾਕੇ ਨਿਕਲ ਗਏ।' ਪਰ ਨਹੀਂ-ਇਉਂ ਨਹੀਂ ਹੋਇਆ। ਉਹਨਾਂ ਸਿੱਖ ਪੁੱਤਰਾਂ ਦੇ ਹੁੰਦਿਆਂ ਆਪਣੀਆਂ ਅੱਖੀਆਂ ਦੇ ਸਾਹਮਣੇ ਆਪਣੇ ਜਿਗਰ ਦੇ ਟੋਟੇ ਸ਼ਹੀਦ ਕਰਵਾਕੇ ਜਿੱਥੇ ਅਦਰਸ਼ ਪਿਤਾ ਬਣ ਕੇ ਦਿਖਾਇਆ। ਉਥੇ ਨਾਲ ਹੀ ਸਾਨੂੰ ਇਹ ਕਹਿਣ ਦਾ ਅਵਸਰ ਨਹੀਂ ਦਿਤਾ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਹਿਬਜ਼ਾਦਿਆਂ ਨਾਲੋਂ ਸਿੱਖ ਪੁਤਰ ਘੱਟ ਪਿਆਰੇ ਸਨ।

ਆਮ ਵੇਖਣ ਵਿੱਚ ਆਉਂਦਾ ਹੈ ਕਿ ਇਕ ਸੰਸਾਰਕ ਪਿਤਾ ਅਪਣੇ ਪੁੱਤਰਾਂ ਨੂੰ ਸਭ ਕੁਝ ਨਹੀਂ ਦਿੰਦਾ। ਜਿਥੇ ਜਾਇਦਾਦ ਵੰਡਕੇ ਦਿੰਦਾ ਹੈ, ਉਥੇ ਨਾਲ ਹੀ ਕਈ ਵਾਰੀ ਜਾਇਦਾਦ ਦਾ ਕੁਝ ਹਿੱਸਾ ਆਪਣੇ ਲਈ ਰੱਖ ਲੈਂਦਾ ਹੈ। ਇਉਂ ਹੀ ਸੰਸਾਰਕ ਪਿਤਾ ਆਪਣਾ ਪੂਰਾ ਰੂਪ ਆਪਣੇ ਬੱਚੇ ਨੂੰ ਨਹੀਂ ਦੇ ਸਕਦਾ। ਪਰ ਪਿਤਾ ਗੁਰੂ ਗੋਬਿੰਦ ਸਿੰਘ ਜੀਨੇ ਫੁਰਮਾਇਆ ਹੈ। ਕਿ ਖਾਲਸਾ ਮੇਰਾ ਖਾਸ ਰੂਪ ਹੈ। ਉਹਨਾਂ ਅਪਣਾ ਤਨ ਮਨ ਧਨ ਅਤੇ ਸਾਰਾ ਪਰਵਾਰ ਖਾਲਸੇ ਪੁੱਤਰਾਂ ਨੂੰ ਦੇ ਦਿੱਤਾ। ਖਾਲਸੇ ਪੁੱਤਰ ਦੀ ਵਡਿਆਈ ਕਰਦਿਆਂ ਹੋਇਆਂ ਅਤੇ ਸਭ ਕੁਝ ਕੁਰਬਾਨ ਕਰਦਿਆਂ ਕਿਹਾ—

ਸੇਵ ਕਰੀ ਇਨਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀਕੋ ॥
ਦਾਨ ਦਯੋ ਇਨ ਹੀ ਕੋ ਭਲੋ,
ਘਰ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ,
ਜਗਿ ਮਹਿ ਜਸ ਅਉਰ ਦਯੋ ਸਭ ਫੀਕੋ ॥
ਮੋ ਗ੍ਰਹ ਮੈ ਤਨ ਤੇ, ਮਨ ਤੇ,
ਸਿਰ ਲਉ ਧਨ ਹੈ, ਸਭ ਹੀ ਇਨਹੀ ਕੋ ॥

ਸਮਝਾਉਂਦਿਆਂ ਕਿਹਾ :—

ਇਹਨਾਂ ਦੀ ਸੇਵਾ ਹੀ ਮੈਨੂੰ ਭਾਉਂਦੀ ਹੈ। ਹੋਰ ਕਿਸੇ ਦੀ ਸੇਵਾ ਮੈਨੂੰ ਚੰਗੀ ਨਹੀਂ ਲਗਦੀ। ਇਹਨਾਂ ਨੂੰ ਦਾਨ ਦਿਤਾ ਹੀ ਭਲਾ ਹੈ। ਹੋਰ ਕਿਸੇ ਨੂੰ ਦਿੱਤਾ ਨਿਸਫਲ ਹੈ। ਮੇਰੇ ਘਰ ਵਿਚ ਜੋ ਧਨ ਹੈ, ਮਨ ਹੈ, ਨਹੀਂ ਨਹੀਂ ਮੇਰਾ ਜੋ ਸਿਰ ਵੀ ਹੈ, ਇਨ੍ਹਾਂ ਦੀ ਸੇਵਾ ਲਈ ਹੈ।

ਵਾਹੁ ! ਵਾਹੁ !! ਧੰਨ ਗੋਬਿੰਦ ਸਿੰਘ, ਧੰਨ ਸਾਡਾ ਪਿਤਾ ਜੋ ਸਾਡੇ ਲਈ ਸਭ ਕੁਝ ਕੁਰਬਾਨ ਕਰ ਕੇ ਪੁੱਤਰਾਂ ਲਈ ਸਿਰ ਵੀ ਰਾਖਵਾਂ ਰਖ ਰਿਹਾ ਹੈ। ਤੇ



www.AKJ.Org

ਨਿਰਾ ਰਾਖਵਾਂ ਹੀ ਨਹੀਂ ਸਗੋਂ ਸਮੇਂ ਸਮੇਂ ਸਭ ਕੁਝ ਵਾਰ ਦਿੱਤਾ।

ਇਉਂ ਪਿਤਾ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਪੁੱਤਰਾਂ ਨੂੰ ਵਿਦਿਆ, ਸਾਹਿਤ, ਬਹਾਦਰੀ, ਕੁਰਬਾਨੀ, ਸੇਵਾ ਜਿਹੇ ਗੁਣ ਦੇ ਕੇ ਸਦਾ ਲਈ ਅਮਰ ਕਰ ਦਿੱਤਾ। ਆਪਣਾ ਰੂਪ ਦੇ ਕੇ ਆਪਣਾ ਬਾਣਾ ਦੇ ਕੇ, ਅੰਮ੍ਰਿਤ ਨਾਮ ਦੇ ਕੇ ਪ੍ਰਲੋਕ ਵਿਚ ਮੁਖ ਉਜਲੇ ਕੀਤੇ।

ਅੱਜ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਸਾਨੂੰ ਸਿੱਖੀ ਦੀ ਦਾਤ ਦੇ ਨਾਲ ਸ੍ਰੀ ਦਸਮੇਸ਼ ਜੀ ਨੇ ਪਿਤਾ ਪਿਆਰ ਵੀ ਦਿੱਤਾ। ਜਿਵੇਂ ਸਿਆਣੇ ਪੁੱਤਰ ਆਪਣੇ ਪਿਓ ਦਾਦੇ ਦੇ ਖਜ਼ਾਨੇ ਵਿਚ ਵਾਧਾ ਹੀ ਕਰਦੇ ਹਨ ਤੇ ਉਸ ਨੂੰ ਸਾਂਭ ਸਾਂਭ ਕੇ ਰੱਖਦੇ ਹਨ। ਤਿਵੇਂ ਹੀ ਅਸਾਂ ਪੁੱਤਰਾਂ ਦਾ ਫਰਜ਼ ਹੈ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਕਹਿਣਾ ਮੰਨ ਕੇ ਆਪਣੇ ਖਜ਼ਾਨੇ ਨੂੰ ਸਾਂਭੀਏ, ਵਧਾਈਏ ਤੇ ਸਾਰੇ ਸੰਸਾਰ ਵਿਚ ਵੰਡੀਏ। ਤਾਂ ਹੀ ਸੱਚੇ ਪਿਤਾ ਦੀ ਖੁਸ਼ੀ ਪ੍ਰਾਪਤ ਕਰ ਸਕਾਂਗਾ।

———

## ਇੰਗਲੈਂਡ ਦੇ ਅਖੰਡ ਕੀਰਤਨੀ ਜਥੇ ਵਲੋਂ ਸੇਵਾ

ਇੰਗਲੈਂਡ ਦੇ ਅਖੰਡ ਕੀਰਤਨੀ ਜਥੇ ਨੇ ਭਾਈ ਅਜੀਤ ਸਿੰਘ ਜੀ ਰਾਹੀਂ ਇਸ ਪ੍ਰਕਾਰ ਸਮਾਗਮਾਂ ਤੇ ਸੇਵਾ ਕੀਤੀ :—

| | |
|---|---|
| (ੳ) ਦਿੱਲੀ ਦਾ ਸਮਾਗਮ (1971) | 1000—00 ਰੁਪਏ |
| (ਅ) ਜਲੰਧਰ ਦਾ ਸਮਾਗਮ (1971) | 200—00 ਰੁਪਏ |



## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖ਼ਾਲਸਾ ਨਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ, ਮਾਰਕੀਟ,
ਲੁਧਿਆਣਾ।




www.AKJ.Org

# ਅਰਥ

(ਲੜੀ ਜੋੜਨ ਲਈ ਦੇਖੋ ਸਫ਼ਾ 26)

੧, ਪਰਾਈ ਇਸਤ੍ਰੀ ।

੨. ਬਦਕਿਸਮਤੀ, ਅਪਦਾ ।

੩, ਸੰਸਾਰ ਵਲੋਂ ਮਰ ਕੇ ਜੋ ਅਕਾਲ ਪੁਰਖ ਵਲ ਜੀਉ ਪੈਣ ।

੪. ਝੂਠ । ਹੇ ਸਾਡੇ ਮਿਤ੍ਰੋ, ਵਾਹਿਗੁਰੂ ਨਾਮ ਬਿਨਾਂ ਸਭ ਝੂਠ ਹੈ ।

੫. ਇਕ ਦਾ ਉਪਾਸ਼ਕ । ਅਕਾਲ ਪੁਰਖ ਫੁਰਮਾਂਦੇ ਹਨ ਕਿ ਅਨਿੰਨ ਦਾਸ ਤੇ ਮੇਰੇ ਵਿਚ ਕੋਈ ਭੇਦ ਨਹੀਂ ।

੬. ਗੁਰੂ ਨੂੰ ਦੇਖ ਕੇ ਇਸ ਮਨ ਨੂੰ ਸਵਾਰਿਆ ਹੈ. ਅਥਵਾ ਮਨ ਟਿਕ ਗਿਆ ਹੈ ।

੭. ਖਿੰਡਿਆ ਹੋਇਆ ।

੮. ਕਲੇਸ਼ ।

੯, (ੳ) ਅਪਣੱਤ ।

(ਅ) ਹੰਕਾਰ ।

੧੫. ਮਨ ਅਤੇ ਮੁਖ ਕਰਕੇ ਵਾਹਿਗੁਰੂ ਦਾ ਨਾਮ ਜਪੋ ।

੧੧. ਦੁਸ਼ਮਣ ।

੧੨. ਦੂਰ ਹੋ ਜਾਂਦੇ ਹਨ, ਛੁਟ ਜਾਂਦੇ ਹਨ ।

————



www.AKJ.Org

# ਪੀਰ ਬੁੱਧੂ ਸ਼ਾਹ

—ਲੇਖਕ :—ਸ: ਗੁਰਚਰਨ ਸਿੰਘ ਜੀ, ਸ੍ਰੀ ਵਿਦਿਆ ਸਾਗਰ ਸੂਰੀ ਜੀ

ਸਯੱਦ ਬਦਰੁੱਦੀਨ, ਜਿਹੜਾ ਪੀਰ ਬੁੱਧੂ ਸ਼ਾਹ ਦੇ ਨਾਮ ਨਾਲ ਵਧੇਰੇ ਕਰਕੇ ਪ੍ਰਸਿਧ ਹੈ, ਸਢੌਰਾ, ਜ਼ਿਲਾ ਅੰਬਾਲੇ ਦਾ ਵਸਨੀਕ ਸੀ । ਉਸ ਦਾ ਜਨਮ, ੧੩ ਜੂਨ ੧੬੪੭ ਈ: ਨੂੰ ਇਕ ਰਜੇ ਪੁਜੇ ਸਯਦ ਖ਼ਾਨਦਾਨ ਵਿਚ ਹੋਇਆ । ਬਚਪਨ ਤੋਂ ਹੀ ਉਸਦਾ ਝੁਕਾਉ ਰੂਹਾਨੀਅਤ ਵੱਲ ਸੀ । ਉਸ ਦਾ ਧਿਆਨ ਰਬ ਵੱਲ ਰਹਿੰਦਾ, ਉਹ ਘਟ ਬੋਲਦਾ ਤੇ ਦੁਨਿਆਵੀ ਕੰਮਾਂ ਵਿੱਚ ਦਿਲਚਸਪੀ ਨਹੀਂ ਲੈਂਦਾ ਸੀ । ਇਸ ਕਰਕੇ ਸਾਢੌਰੇ ਦੇ ਲੋਕ ਉਸ ਨੂੰ ਬੁੱਧੂ ਕਹਿਕੇ ਬੁਲਾਉਣ ਲਗੇ ।

ਜਿਉਂ ਜਿਉਂ ਬੁੱਧੂ ਸ਼ਾਹ ਦੀ ਕਮਾਈ ਵਧਦੀ ਗਈ ਉਸ ਦੀ ਮਾਨਤਾ ਵਧਣ ਲਗੀ ਅਤੇ ਲੋਕ ਉਸ ਦੇ ਚਰਨਾਂ ਦੀ ਧੂੜ ਮੱਥੇ ਤੇ ਲਾਉਂਦੇ ਤੇ ਉਸ ਨੂੰ ਪੀਰ ਕਰਕੇ ਸਤਿਕਾਰਿਆ ਜਾਣ ਲਗਾ । ਪੀਰ ਬੁੱਧੂ ਸ਼ਾਹ ਜੀ ਨੇ ਪ੍ਰਸਿਧ ਫ਼ਕੀਰ ਭੀਖਮ ਸ਼ਾਹ ਬਾਰੇ ਸੁਣਿਆ ਤੇ ਉਹਨਾਂ ਦੇ ਦਰਸ਼ਨਾਂ ਲਈ ਪਿੰਡ ਥਸਕਾ, ਜ਼ਿਲਾ ਕਰਨਾਲ ਵਿਖੇ ਗਿਆ । ਇਹ ਭੀਖਮ ਸ਼ਾਹ ਉਹ ਫ਼ਕੀਰ ਸੀ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਹਿਬ ਜੀ ਦੇ ਆਦਰ ਵਿੱਚ ਚੜ੍ਹਦੇ ਵੱਲ ਸਜਦਾ ਕੀਤਾ ਸੀ ਤੇ ਉਹਨਾਂ ਦੇ ਦਰਸ਼ਨ ਲਈ ਪਟਨੇ ਸਾਹਿਬ ਭੀ ਗਿਆ ਸੀ । ਭੀਖਮ ਸ਼ਾਹ ਨੇ ਪੀਰ ਬੁੱਧੂ ਸ਼ਾਹ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਵਾਕਫ਼ੀਅਤ ਕਰਾਈ ।

ਪੀਰ ਬੁਧੂ ਸ਼ਾਹ ਦਾ ਵਿਆਹ ਨਸੀਰਾਂ ਨਾਲ ਹੋਇਆ । ਨਸੀਰਾਂ ਇਕ ਸਾਊ ਤੇ ਪਵਿੱਤਰ ਇਸਤ੍ਰੀ ਸੀ ਜਿਸ ਨੇ ਆਪਣਾ ਜੀਵਨ ਆਪਣੇ ਮਾਲਕ ਦੀਆਂ ਰੁਚੀਆਂ ਅਨੁਸਾਰ ਢਾਲਣ ਦਾ ਜਤਨ ਕੀਤਾ । ਉਸ ਦੇ ਹਿਰਦੇ ਵਿਚ ਆਪਣੇ ਪਤੀ ਦੀ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਪਿਆਰ ਤੇ ਸਤਿਕਾਰ ਸੀ । ਇਸਤ੍ਰੀ ਪੁਰਸ਼ ਦੋਹਾਂ ਦਾ ਜੀਵਨ-ਨਿਸ਼ਾਨਾ ਇਕੋ ਸੀ, ਇਸ ਲਈ ਉਨ੍ਹਾਂ ਨੇ ਬੜੀ ਖ਼ੁਸ਼ੀ ਖ਼ੁਸ਼ੀ ਦਿਨ ਲੰਘਾਏ । ਰਬ ਨੇ ਉਨ੍ਹਾਂ ਨੂੰ ਚਾਰ ਪੁਤਰ, ਦੀ ਦਾਤ ਬਖਸ਼ੀ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :—ਸੱਯਦ ਅਸ਼ਰਫ਼, ਸਯਦ ਮੁਹੰਮਦ ਸ਼ਾਹ, ਸਯਦ ਮੁਹੰਮਦ ਬਖਸ਼ ਅਤੇ ਸਯਦ ਸ਼ਾਹ ਹੁਸੈਨ ।

ਇਕ ਵਾਰ ਨਸੀਰਾਂ ਦਾ ਭਰਾ ਸਢੌਰੇ ਆਇਆ । ਉਸ ਨੇ ਕਿਹਾ ਕਿ ਇਨ੍ਹਾਂ ਲੜਕਿਆਂ ਵਿਚੋਂ ਇਕ ਨੂੰ ਉਸ ਕੋਲ ਭੇਜ ਦਿਤਾ ਜਾਵੇ ਤਾਕਿ ਮੁਗਲ ਦਰਬਾਰ ਵਿਚ ਉਸ ਲਈ ਕੋਈ ਯੋਗ ਤੇ ਚੰਗੀ ਪਦਵੀ ਲੈ ਸਕੇ । ਪੀਰ ਸਾਹਿਬ ਨੇ ਇਸ ਨੂੰ ਨਿਮਰਤਾ ਸਹਿਤ ਅਪ੍ਰਵਾਨ ਕਰ ਦਿਤਾ । ਬੁੱਧੂ ਸ਼ਾਹ ਨਹੀਂ ਸੀ ਚਾਹੁੰਦਾ ਕਿ ਉਸਦਾ ਕੋਈ ਪੁੱਤਰ ਵੀ ਝੂਨੇ ਸੰਸਾਰੀ ਦਰਬਾਰਾਂ ਦੀ ਨੌਕਰੀ ਕਰੇ ।

ਪੀਰ ਬੁੱਧੂ ਸ਼ਾਹ ਆਪਣਾ ਸਮਾਂ ਅਬਾਦਤ ਯਾ ਸੂਫ਼ੀਆਂ ਸੰਤਾਂ ਦੀ ਸੰਗਤ ਵਿਚ ਬਤੀਤ ਕਰਦਾ । ਉਸ ਨੂੰ ਇਸਲਾਮ ਤੇ ਸਿਖ ਧਰਮ ਦੇ ਸਿਧਾਤਾਂ ਵਿਚ ਕੋਈ ਫ਼ਰਕ ਨਾ ਦਿਸਿਆ । ਉਸ ਦੀ ਤੀਬਰ ਇਛਾ ਸੀ ਕਿ ਗੁਰੂ ਸਾਹਿਬ ਦੇ ਦਰਸ਼ਨ ਕਰੇ ਅਤੇ ਆਪਣੀ ਕਲਿਆਨ



www.AKJ.Org

ਲਈ ਉਨ੍ਹਾਂ ਦੀ ਅਸ਼ੀਰਵਾਦ ਹਾਸਲ ਕਰੇ ।

ਇਕ ਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਜਮਨਾਂ ਦੇ ਕੰਢੇ ਤੇ ਪਉਂਟੇ ਆਏ ਹੋਏ ਸਨ । ਪਾਉਂਟਾ ਸਢੌਰੇ ਤੋਂ ਮਸਾਂ ਪੰਦਰਾਂ ਸੋਲਾਂ ਮੀਲ ਦੀ ਵਿਥ ਤੇ ਸੀ। ਚਿਰਾਂ ਤੋਂ ਲੋਚਦੇ ਬੁਧੂ ਸ਼ਾਹ ਨੂੰ ਜਦ ਏਹ ਪਤਾ ਲਗਾ ਤਾਂ ਉਹ ਸ਼ੀਘਰ ਹੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਤੁਰ ਪਿਆ । ਜਦ ਪੀਰ ਬੁਧੂ ਸ਼ਾਹ, ਗੁਰੂ ਸਾਹਿਬ ਪਾਸ ਪੁਜਾ ਤਾਂ ਆਦਾਬ ਕੀਤੀ, ਚਰਨਾਂ ਤੇ ਢਹਿ ਪਿਆ । ਦਰਸ਼ਨ ਕਰਿ ਕਰਿ ਠੰਡ ਪਈ। ਰੱਬ ਨੂੰ ਮਿਲਣ ਬਾਰੇ ਸਵਾਲ ਪੁਛੇ, ਅਸ਼ੀਰਵਾਦ ਮੰਗੀ। ਗੁਰੂ ਸਾਹਿਬ ਨੇ ਉਸ ਤੇ ਬਖ਼ਸ਼ਸ਼ਾਂ ਕੀਤੀਆਂ। "ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਓ" ਦਾ ਉਪਦੇਸ਼ ਦਿਤਾ। ਬੁਧੂ ਸ਼ਾਹ ਮੋਹਿਆ ਗਿਆ । ਉਹ ਕੁਝ ਸਮਾਂ ਪਾਉਂਟੇ ਗੁਰੂ ਸਾਹਿਬ ਕੋਲ ਠਹਿਰਿਆ ਤੇ ਸਤਿਸੰਗਤ ਕੀਤੀ ।

ਪੀਰ ਬੁਧੂ ਸ਼ਾਹ ਦੇ ਸਢੌਰੇ ਵਾਪਸ ਮੁੜਨ ਤੋਂ ਕੁਝ ਚਿਰ ਪਿਛੋਂ ਪੰਜ ਸੌ ਪਠਾਣ ਸਿਪਾਹੀ ਉਥੇ ਆਏ । ਇਨ੍ਹਾਂ ਨੂੰ ਔਰੰਗਜ਼ੇਬ ਨੇ ਨੌਕਰੀਉਂ ਹਟਾ ਦਿਤਾ ਸੀ । ਉਨ੍ਹਾਂ ਦੇ ਕਮਾਂਡਰ ਪੀਰ ਬੁਧੂ ਸ਼ਾਹ ਨੂੰ ਮਿਲੇ ਅਤੇ ਆਪਣੀ ਦੁਖ ਭਰੀ ਵਾਰਤਾ ਸੁਣਾਈ। ਇਹ ਭੀ ਦਸਿਆ ਕਿ ਉਨ੍ਹਾਂ ਨੂੰ ਬਗੈਰ ਕਿਸੇ ਦੋਸ਼ ਦੇ ਕਢ ਦਿਤਾ ਗਿਆ ਹੈ ਤੇ ਸ਼ਹਿਨਸ਼ਾਹ ਨੇ ਇਹ ਭੀ ਹੁਕਮ ਕੀਤਾ ਹੈ ਕਿ ਕੋਈ ਭੀ ਇਨ੍ਹਾਂ ਨੂੰ ਨੌਕਰ ਨਾ ਰਖੇ। ਜੇਕਰ ਉਹ ਏਸੇ ਤਰ੍ਹਾਂ ਬੇਰੁਜ਼ਗਾਰ ਰਹੇ ਤਾਂ ਭੁੱਖੇ ਮਰ ਜਾਣਗੇ । ਪੀਰ ਬੁਧੂ ਸ਼ਾਹ ਨੂੰ ਉਨ੍ਹਾਂ ਤੇ ਤਰਸ ਆਇਆ ਤੇ ਉਹ ਉਨ੍ਹਾਂ ਨੂੰ ਗੁਰੂ ਸਾਹਿਬ ਪਾਸ ਨੌਕਰ ਰਖਵਾਉਣ ਲਈ ਪਾਉਂਟਾ ਸਾਹਿਬ ਨਾਲ ਲੈ ਗਿਆ । ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੀ ਫੌਜ ਵਿਚ ਨੌਕਰ ਰਖ ਲਿਆ ।

ਗੁਰੂ ਸਾਹਿਬ ਦੀ ਨਿਤ ਦੀ ਵਧਦੀ ਸ਼ਕਤੀ ਪਹਾੜੀ ਰਾਜਿਆਂ ਨੂੰ ਭਾਉਂਦੀ ਨਹੀਂ ਸੀ। ਗੁਰੂ ਸਾਹਿਬ ਨੇ ਚਮਕੌਰ ਸਾਹਿਬ, ਪਾਉਂਟਾ ਸਾਹਿਬ ਤੇ ਅਨੰਦਪੁਰ ਸਾਹਿਬ ਵਿਖੇ ਤਿੰਨ ਕਿਲ੍ਹੇ ਬਣਵਾਏ ਤੇ ਆਪਣੀ ਫ਼ੌਜ ਖੜੀ ਕੀਤੀ। ਗੁਰੂ ਸਾਹਿਬ ਦੀ ਟੱਕਰ ਮੁਗਲ ਜ਼ੁਲਮ ਨਾਲ ਸੀ। ਪਰ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਬਾਰੇ ਅਨੇਕਾਂ ਭੁਲੇਖੇ ਸਨ ਤੇ ਉਹ ਮੁਗਲ ਸ਼ਹਿਨਸ਼ਾਹ ਨੂੰ ਖੁਸ਼ ਕਰਨਾ ਚਾਹੁੰਦੇ ਸਨ। ਇਸ ਲਈ ਰਾਜਾ ਭੀਮ ਚੰਦ ਨੇ ਫ਼ੈਸਲਾ ਕਰ ਲਿਆ ਕਿ ਉਹ ਗੁਰੂ ਸਾਹਿਬ ਦੇ ਖ਼ਿਲਾਫ਼ ਕਾਰਵਾਈ ਕਰੇਗਾ, ਤਾਂਕਿ ਉਹ ਭੀਮ ਚੰਦ ਦੇ ਇਲਾਕੇ ਤੇ ਕਬਜ਼ਾ ਨਾ ਜਮਾਈ ਜਾਣ। ਰਾਜਾ ਭੀਮ ਚੰਦ ਦੇ ਪੁੱਤਰ ਦੇ ਵਿਆਹ ਤੇ ਸ੍ਰੀ ਨਗਰ (ਗੜਵਾਲ) ਵਿਖੇ ਭੀਮ ਚੰਦ ਤੇ ਰਾਜਾ ਫ਼ਤਿਹ ਚੰਦ ਨੇ ਗਠ ਜੋੜ ਕਰ ਲਿਆ ਅਤੇ ਪਾਉਂਟਾ ਸਾਹਿਬ ਤੇ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ । ਗੁਰੂ ਸਾਹਿਬ ਨੂੰ ਇਸ ਵਿਆਹ ਲਈ ਸੱਦਾ-ਪੱਤਰ ਭੇਜਿਆ ਸੀ ਪਰ ਉਹ ਆਪ ਨਾ ਗਏ। ਉਨ੍ਹਾਂ ਨੇ ਦੀਵਾਨ ਨੰਦ ਚੰਦ ਨੂੰ ਕਾਫ਼ੀ ਤੋਹਫ਼ੇ ਦੇ ਕੇ ਸ੍ਰੀ ਨਗਰ ਭੇਜ ਦਿਤਾ। ਏਹ ਤੋਹਫ਼ੇ ਮੋੜ ਦਿਤੇ ਗਏ। ਰਾਜੇ ਭੀਮ ਚੰਦ ਨੇ ਪੰਜ ਸੌ ਘੋੜ ਸਵਾਰ ਭੇਜੇ ਕਿ ਦੀਵਾਨ ਚੰਦ ਨੂੰ ਸ੍ਰੀ ਨਗਰ ਤੋਂ ਪਾਉਂਟੇ ਜਾਂਦੇ ਰਾਹ ਵਿਚ ਰੋਕ ਕੇ ਲੁਟ ਲੈਣ।

ਇਸ ਨਾਜ਼ਕ ਸਮੇਂ ਉਨ੍ਹਾਂ ਪਠਾਣਾਂ ਨੇ ਦਗ਼ਾ ਕਮਾਇਆ ਜਿਨ੍ਹਾਂ ਨੂੰ ਥੋੜ੍ਹਾ ਚਿਰ ਪਹਿਲਾਂ ਗੁਰੂ ਸਾਹਿਬ ਨੇ ਬੁਧੂ ਸ਼ਾਹ ਦੇ ਕਹਿਣ ਤੇ ਨੌਕਰ ਰਖਿਆ ਸੀ। ਉਨ੍ਹਾਂ ਦੇ ਕਮਾਂਡਰ ਨਜਾਬਤ ਖਾਂ, ਹਯਾਤ ਖਾਂ ਤੇ ਭੀਕਮ ਖਾਂ ਗੁਰੂ ਸਾਹਿਬ ਕੋਲ ਆਏ ਅਤੇ ਆਪਣੇ ਤੇ ਨੌਕਰ ਪਠਾਣਾਂ ਲਈ ਘਰ ਜਾਣ ਦੀ ਛੁਟੀ ਮੰਗੀ। ਬਹਾਨਾ ਇਹ ਬਣਾਇਆ ਕਿ ਉਨ੍ਹਾਂ ਦੇ ਘਰਾਂ ਵਿਚ ਕਈ ਇਕ ਜੰਮਣ, ਮਰਨ, ਵਿਆਹ ਆਦਿ ਹਨ ਅਤੇ ਉਨ੍ਹਾ ਦਾ ਘਰਾਂ ਨੂੰ ਜਾਣਾ ਜਰੂਰੀ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ



www.AKJ.Org

ਆਪਣਾ ਫ਼ਰਜ਼ ਪਾਲਣ ਲਈ ਪਰੇਰਿਆ ਤੇ ਕਿਹਾ ਕਿ ਜਿਹੜਾ ਪੁਰਸ਼ ਆਪਣੇ ਮਾਲਕ ਨੂੰ ਦਗ਼ਾ ਦਿੰਦਾ ਹੈ ਤੇ ਸਮੇਂ ਸਿਰ ਫ਼ਰਜ਼ ਨਹੀਂ ਪਾਲਦਾ ਉਸਦਾ ਸਤਿਕਾਰ ਨਾ ਇਸ ਸੰਸਾਰ ਵਿਚ ਤੇ ਨਾ ਪਰਲੋਕ ਵਿਚ ਹੁੰਦਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਤਨਖ਼ਾਹਾਂ ਦੂਣੀਆਂ ਕਰਨਾ ਵੀ ਪਰਵਾਨ ਕਰ ਲਿਆ। ਪਰ ਪਠਾਣਾਂ ਤੇ ਕੋਈ ਅਸਰ ਨਾ ਹੋਇਆ। ਅਸਲ ਵਿਚ ਗਲ ਇਹ ਸੀ ਕਿ ਲਾਲਚੀ ਪਠਾਣਾਂ ਨੂੰ ਪਹਾੜੀ ਰਾਜਿਆਂ ਖਰੀਦ ਲਿਆ ਸੀ। ਉਹ ਗ਼ਦਾਰ ਰਾਜਾ ਫ਼ਤਹਿ ਚੰਦ ਦੀ ਫ਼ੌਜ ਵਿਚ ਜਾ ਭਰਤੀ ਹੋਏ। ਪਰ ਕਾਲੇ ਖਾਂ ਆਪਣੇ ਇਕ ਸੌ ਸਿਪਾਹੀਆਂ ਨਾਲ ਗੁਰੂ ਸਾਹਿਬ ਦੀ ਫ਼ੌਜ ਵਿਚ ਹੀ ਰਿਹਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੀਰ ਬੁਧੂ ਸ਼ਾਹ ਨੂੰ ਇਕ ਪੱਤਰ ਲਿਖਿਆ ਕਿ ਤੇਰੇ ਨੌਕਰ ਰਖਵਾਏ ਪਠਾਣ ਲੋੜ ਸਮੇਂ ਦਗ਼ਾ ਦੇ ਕੇ ਪਿਠ ਦਿਖਾ ਗਏ ਹਨ। ਤੁਸਾਂ ਅਜਿਹੇ ਬੇਇਤਬਾਰੀ ਬੰਦੇ ਸਾਡੇ ਪਾਸ ਨੌਕਰ ਕਰਵਾ ਦਿਤੇ। ਇਹ ਚਿੱਠੀ ਪੜ੍ਹ ਕੇ ਬੁਧੂ ਸ਼ਾਹ ਬੜਾ ਸ਼ਰਮਿੰਦਾ ਹੋਇਆ। ਪਠਾਣਾਂ ਦੇ ਮੌਕੇ ਸਿਰ ਦੌੜ ਜਾਣ ਨਾਲ ਜੋ ਗੁਰੂ ਸਾਹਿਬ ਦੀ ਫ਼ੌਜ ਵਿਚ ਘਾਪਾ ਪਿਆ ਉਸ ਨੂੰ ਪੂਰਾ ਕਰਨਾ ਬੁਧੂ ਸ਼ਾਹ ਨੇ ਆਪਣਾ ਫ਼ਰਜ਼ ਸਮਝਿਆ। ਉਸ ਨੇ ਫ਼ੈਸਲਾ ਕਰ ਲਿਆ ਕਿ ਆਪਣੇ ਸਾਥੀਆਂ ਤੇ ਸੰਬੰਧੀਆਂ ਸਮੇਤ ਗੁਰੂ ਸਾਹਿਬ ਵਲ ਹੋ ਕੇ ਜੁਧ ਕਰੇਗਾ। ਜੰਗ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਥਿਆਰ ਤੇ ਬੰਦੇ ਕੱਠੇ ਹੋਣ ਲਗੇ।

ਪੀਰ ਬੁਧੂ ਸ਼ਾਹ ਆਪਣੇ ਮੁਰੀਦਾਂ ਤੇ ਸਾਕਾਂ ਸੰਬੰਧੀਆਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਪਾਸ ਆਇਆ। ਜੰਗ ਪਹਿਲਾਂ ਹੀ ਸ਼ੁਰੂ ਸੀ। ਗੁਰੂ ਸਾਹਿਬ ਉਸ ਨੂੰ ਦੇਖ ਕੇ ਅਤਿ ਪ੍ਰਸੰਨ ਹੋਏ। ਪੀਰ ਬੁਧੂ ਸ਼ਾਹ ਤੇ ਉਸਦਾ ਜਥਾ ਭੰਗਾਣੀ ਦੇ ਜੁੱਧ ਵਿਚ ਬੜੀ ਦਲੇਰੀ ਨਾਲ ਲੜੇ ਅਤੇ ਵੈਰੀਆਂ ਦੇ ਆਹੂ ਲਾਹੇ। ਪੀਰ ਦੇ ਜੋਧੇ ਬਿਜਲੀ ਵਾਂਗ ਗਜਦੇ ਅਤੇ ਅਨ੍ਹੇਰੀ ਵਾਂਗ ਵੈਰੀ ਨੂੰ ਹੂੰਝ ਲੈ ਜਾਂਦੇ। ਬੜੀ ਘਮਸਾਨ ਦੀ ਲੜਾਈ ਹੋਈ। ਇਸ ਜੰਗ ਦੀ ਪੂਰੀ ਵਿਥਿਆ ਗੁਰੂ ਸਾਹਿਬ ਨੇ 'ਬਚਿਤ੍ਰ ਨਾਟਕ' ਵਿਚ ਦਿਤੀ ਹੈ। ਪਹਾੜੀ ਰਾਜਿਆਂ ਨੂੰ ਫ਼ੌਜਾਂ ਦੀ ਬੇਸ਼ੁਮਾਰ ਗਿਣਤੀ ਹੋਣ ਦੇ ਬਾਵਜੂਦ ਭੀ ਹਾਰ ਹੋਈ। ਉਨ੍ਹਾਂ ਦੀ ਭਾਰੀ ਗਿਣਤੀ, ਫ਼ੌਜੀ ਸਿਖਲਾਈ ਤੇ ਬੇਸ਼ੁਮਾਰ ਅਸਲਾ ਨਿਹਫਲ ਤੇ ਬੇਅਸਰ ਸਾਬਤ ਹੋਏ। ਗੁਰੂ ਸਾਹਿਬ ਦੀਆਂ ਫ਼ੌਜਾਂ ਅਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਇਸ ਜੰਗ ਵਿਚ ਪੀਰ ਦੇ ਦੋ ਪੁੱਤਰ, ਇਕ ਭਤੀਜਾ ਅਤੇ ਬਹੁਤ ਸਾਰੇ ਮੁਰੀਦ ਸ਼ਹੀਦ ਹੋਏ। ਪੀਰ ਜੀ ਨੇ ਪਠਾਣਾਂ ਦੀ ਬੇਵਫਾਈ ਦਾ ਮੁਲ ਤਾਰ ਦਿਤਾ। ਗੁਰੂ ਸਾਹਿਬ ਪੀਰ ਤੇ ਖੁਸ਼ ਹੋਏ ਅਤੇ ਭਰੇ ਦੀਵਾਨ ਵਿਚ ਉਸ ਦੀ ਭਾਰੀ ਪ੍ਰਸੰਸਾ ਕੀਤੀ।

ਭੰਗਾਣੀ ਜੁੱਧ ਦੀ ਜਿਤ ਨੇ ਗੁਰੂ ਸਾਹਿਬ ਦੀ ਸ਼ਕਤੀ ਦੀ ਪਹਾੜੀ ਰਾਜਿਆਂ ਤੇ ਧਾਕ ਜਮਾ ਦਿਤੀ। ਪਹਾੜੀ ਰਾਜਿਆਂ ਨੂੰ ਅਨੁਭਵ ਹੋਣ ਲਗਾ ਕਿ ਉਹ ਗੁਰੂ ਸਾਹਿਬ ਨੂੰ ਕਿਸੇ ਤਰ੍ਹਾਂ ਭੀ ਆਪਣੇ ਅੱਡੇ ਤੋਂ ਉਖੇੜ ਨਹੀਂ ਸਕਣਗੇ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਸ਼ਰਧਾਲੂ ਬੁਧੂ ਸ਼ਾਹ ਨੂੰ ਕੋਈ ਅਮੁਲ ਭੇਟਾਵਾਂ ਦੇਣਾ ਚਾਹੁੰਦੇ ਸਨ ਪਰ ਉਹ ਨਾ ਮੰਨਿਆ। ਸਗੋਂ ਗੁਰੂ ਸਾਹਿਬ ਦੀ ਕੇਵਲ ਸ਼ੁਭ ਅਸੀਸ ਤੇ ਬਖਸ਼ਿਸ਼ ਦੀ ਹੀ ਭਿਖਿਆ ਮੰਗੀ। ਉਸ ਨੇ ਗੁਰੂ ਸਾਹਿਬ ਪਾਸੋਂ ਇਕ ਦਸਤਾਰ, ਇਕ ਲਕੜ ਦਾ ਕੰਘਾ (ਜਿਸ ਵਿਚ ਗੁਰੂ ਸਾਹਿਬ ਦੇ ਪਵਿੱਤ੍ਰ ਕੇਸ ਸਨ) ਅਤੇ ਇਕ ਕਟਾਰ ਮੰਗੀਆਂ ਜੋ ਗੁਰੂ ਸਾਹਿਬ ਨੇ ਖੁਸ਼ੀ ਨਾਲ ਬਖ਼ਸ਼ੀਆਂ। ਇਹ ਪਵਿੱਤ੍ਰ ਨਿਸ਼ਾਨੀਆਂ ਹੀਰਾ ਮਹਿਲ ਨਾਭਾ ਵਿਚ ਸੁਰਖਿਅਤ ਹਨ। ਇਸ ਜੰਗ ਪਿਛੋਂ ਪੀਰ ਸਾਢੌਰੇ ਚਲਾ ਗਿਆ।



www.AKJ.Org

ਭੰਗਾਣੀ ਦੇ ਜੁੱਧ ਦੀ ਹਾਰ ਖਾਣ ਪਿਛੋਂ ਪਹਾੜੀ ਰਾਜਿਆਂ ਨੇ ਇਕ ਇਕੱਤ੍ਰਤਾ ਬੁਲਾਈ ਜਿਸ ਵਿਚ ਇਹ ਵਿਚਾਰ ਹੋਈ ਕਿ ਉਨ੍ਹਾਂ ਦੀ ਭਾਰੀ ਤਜਰਬਾਕਾਰ ਫ਼ੌਜ, ਭਗਤਾਂ, ਫ਼ਕੀਰਾਂ ਦੇ ਮੁਠੀ ਭਰ ਅਨਾੜੀ ਸਿਪਾਹੀਆਂ ਤੋਂ ਹਾਰ ਕਿਉਂ ਖਾ ਗਈ। ਰਾਜਾ ਫ਼ਤਹਿ ਸ਼ਾਹ ਨੇ ਇਸ ਗਲ ਦਾ ਭੇਤ ਖੋਲ੍ਹਿਆ ਕਿ ਪੀਰ ਬੁੱਧੂ ਸ਼ਾਹ ਦੇ ਜੰਗ ਵਿਚ ਸ਼ਾਮਲ ਹੋਣ ਨਾਲ ਗੁਰੂ ਸਾਹਿਬ ਦੀ ਤਾਕਤ ਦੂਣੀ ਹੋ ਗਈ ਸੀ। ਫ਼ੈਸਲਾ ਹੋਇਆ ਕਿ ਪੀਰ ਜੀ ਦੇ ਵਿਰੁਧ ਦਿੱਲੀ ਦਰਬਾਰ ਵਿਚ ਸ਼ਕਾਇਤ ਕੀਤੀ ਜਾਵੇ ਕਿ "ਹੇ ਆਲਮਗੀਰ ਸ਼ਹਿਨਸ਼ਾਹ ! ਤੇਗ ਬਹਾਦਰ ਦੇ ਪੁੱਤਰ ਨੇ ਇਕ ਇਨਕਲਾਬੀ ਜੱਥਾ ਸੰਗਠਤ ਕੀਤਾ ਹੈ, ਜਿਹੜਾ ਇਕ ਦਿਨ ਦਿੱਲੀ ਦੇ ਤਖ਼ਤ ਲਈ ਭਾਰੀ ਖ਼ਤਰਾ ਸਾਬਤ ਹੋਵੇਗਾ। ਅਸਾਂ ਭੰਗਾਣੀ ਦੇ ਜੁੱਧ ਵਿਚ ਇਸ ਅੰਦੋਲਨ ਨੂੰ ਕੁਚਲਣ ਦਾ ਬੜਾ ਯਤਨ ਕੀਤਾ ਹੈ, ਪਰ ਜਨਾਬ ਦੇ ਇਕ ਮੁਸਲਮਾਨ ਭਰਾ, ਪੀਰ ਬੁਧੂ ਸ਼ਾਹ ਨੇ ਆਪਣੇ ਸਾਰੇ ਸੇਵਕ, ਸਪੁਤ੍ਰ ਤੇ ਬਹੁਤ ਸਾਰੇ ਸੰਬੰਧੀ ਸਾਡੇ ਖ਼ਿਲਾਫ਼ ਲੜਨ ਲਈ ਗੁਰੂ ਸਾਹਿਬ ਨੂੰ ਲਿਆ ਦਿਤੇ ਅਤੇ ਇਸ ਤਰ੍ਹਾਂ ਉਸ ਨੇ ਇਸ ਖ਼ਤਰਨਾਕ ਜਮਾਤ ਨੂੰ ਜਿਉਂਦਾ ਜਾਗਦਾ ਰਹਿਣ ਵਿਚ ਸਹਾਇਤਾ ਕੀਤੀ ਹੈ। ਇਸ ਕਾਫ਼ਰ ਨੂੰ ਸਖ਼ਤ ਤੇ ਸਿੱਧੀ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਜੋ ਇਸ ਤੋਂ ਦੂਜਿਆਂ ਨੂੰ ਵੀ ਕੰਨ ਹੋਣ ਤੇ ਉਹ ਸ਼ਾਹੀ ਸਰਕਾਰ ਦੇ ਵੈਰੀਆਂ ਦੀ ਮਦਦ ਨਾ ਕਰਨ।"

ਸੱਯਦ ਖਾਂ, ਨਸੀਰਾਂ ਦਾ ਭਰਾ, ਔਰੰਗਜ਼ੇਬ ਦਾ ਇਕ ਪ੍ਰਸਿੱਧ ਜਰਨੈਲ ਸੀ। ਕਿਸੇ ਤਰ੍ਹਾਂ ਉਪ੍ਰੋਕਤ ਸ਼ਕਾਇਤ ਵਾਲਾ ਪੱਤਰ ਉਸ ਦੇ ਹੱਥ ਲਗ ਗਿਆ। ਪੱਤਰ ਲਿਆਉਣ ਵਾਲੇ ਦੂਤ ਨੂੰ ਇਹ ਕਹਿ ਕੇ ਟੋਰ ਦਿਤਾ ਕਿ "ਸ਼ਹਿਨਸ਼ਾਹ ਇਸ ਮਾਮਲੇ ਤੇ ਵਿਚਾਰ ਕਰਨਗੇ"। ਸੱਯਦ ਖਾਂ ਨੇ ਇਸ ਤਰ੍ਹਾਂ ਬੁਧੂ ਸ਼ਾਹ ਨੂੰ ਬਚਾ ਲਿਆ। ਪਰ ਬਲਾ ਟਲੀ ਨਾ। ਕੁਝ ਸਮੇਂ ਬਾਦ ਸ਼ਹਿਨਸ਼ਾਹ ਨੇ ਖੁਲ੍ਹੇ ਦਰਬਾਰ ਵਿਚ ਆਪਣੇ ਜਰਨੈਲਾਂ ਨੂੰ ਵੰਗਾਰਿਆ ਕਿ ਇਸ ਨਵੀਂ ਲਹਿਰ ਨੂੰ ਕੁਚਲਣ ਲਈ ਕੋਈ ਸੂਰਮਾ ਨਿਤਰਦਾ ਹੈ ? ਸੱਯਦ ਖਾਂ ਨੇ ਇਸ ਕੰਮ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਉਸ ਨੇ ਫ਼ੌਜ ਲੈ ਕੇ ਪੰਜਾਬ ਵਲ ਚੜ੍ਹਾਈ ਕੀਤੀ। ਆਪਣੀ ਭੈਣ ਨਸੀਰਾਂ ਨੂੰ ਮਿਲਣ ਲਈ ਸਾਢੌਰੇ ਗਿਆ। ਨਸੀਰਾਂ ਨੇ ਆਪਣੇ ਭਰਾ ਨੂੰ ਗੁਰੂ ਗੋਬਿੰਦ ਸਿੰਘ ਜਿਹੇ ਮਹਾਨ ਦੈਵੀ ਪੁਰਸ਼ ਵਿਰੁਧ ਹਮਲਾ ਕਰਨ ਤੋਂ ਬਹੁਤ ਵਰਜਿਆ। ਪਰ ਸੱਯਦ ਖਾਂ ਨੇ ਬੀਬੀ ਨਸੀਰਾਂ ਦੀ ਨੇਕ ਸਲਾਹ ਵਲ ਉੱਕਾ ਹੀ ਧਿਆਨ ਨਾ ਦਿਤਾ ਤੇ ਅਗੋਂ ਉੱਤਰ ਦਿਤਾ ਕਿ ਭੈਣ ਜੀ, ਮੈਂ ਅਜਿਹੀਆਂ ਗੱਲਾਂ ਪਹਿਲਾਂ ਵੀ ਕਈ ਵਾਰ ਸੁਣ ਚੁਕਾ ਹਾਂ। ਮੈਂ ਇਕ ਸਿਪਾਹੀ ਹਾਂ, ਮੇਰਾ ਫ਼ਰਜ਼ ਸ਼ਹਿਨਸ਼ਾਹ ਲਈ ਲੜਨਾ ਹੈ ਮੈਂ ਤੇਰੇ ਮੁਰਸ਼ਿਦ (ਗੁਰੂ ਸਾਹਿਬ) ਨੂੰ ਇਕ ਮਹਾਨ ਵਿਅਕਤੀ ਸਮਝਾਂਗਾ ਜੇਕਰ ਉਹ ਖੁਲ੍ਹੇ ਜੰਗ ਦੇ ਮੈਦਾਨ ਵਿਚ ਮੇਰੇ ਸਾਹਮਣੇ ਆ ਕੇ ਲੋਹਾ ਲਵੇ। ਪੀਰ ਬੁੱਧੂ ਸ਼ਾਹ ਨੇ ਵਿਚੋਂ ਹੀ ਗਲ ਟੋਕਦਿਆਂ ਹੋਇਆ ਕਿਹਾ ਕਿ "ਜਦ ਤੂੰ ਗੁਰੂ ਸਾਹਿਬ ਦੇ ਆਹਮਣੇ ਸਾਹਮਣੇ ਆਵੇਂਗਾ ਤਾਂ ਤੈਨੂੰ ਆਪਣੀ ਬਾਬਤ ਸਭ ਕੁਝ ਭੁਲ ਜਾਵੇਗਾ। ਤੂੰ ਬਦੀ ਦੇ ਰਾਹ ਤੇ ਚਲ ਰਿਹਾ ਹੈਂ।" ਸੋ ਐਸਾ ਹੀ ਹੋਇਆ। ਸੱਯਦ ਖਾਂ ਜਦ ਗੁਰੂ ਸਾਹਿਬ ਨੂੰ ਮਿਲਿਆ ਤਾਂ ਉਨ੍ਹਾਂ ਦਾ ਪ੍ਰਸ਼ੰਸਕ ਤੇ ਸ਼ਰਧਾਲੂ ਬਣ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਿਆ ਤੇ ਚਮਕੌਰ ਸਾਹਿਬ ਵਿਖੇ ਮੁਗਲਈ ਫ਼ੌਜਾਂ ਨਾਲ ਜੁੱਧ ਕੀਤਾ। ਉਸਮਾਨ ਖਾਂ ਸਾਢੌਰੇ ਦਾ ਹਾਕਮ ਸੀ ਜਿਸ ਨੇ ਸਰਹੰਦ ਦੇ ਜ਼ਾਲਮ ਨਵਾਬ ਵਜੀਰ ਖਾਂ ਨਾਲ ਮਿਲ ਕੇ ਚਮਕੌਰ ਸਾਹਿਬ ਦੇ ਜੰਗ ਵਿਚ ਹਿੱਸਾ ਲਿਆ. ਜਿਥੇ ਦੋ ਸਾਹਿਬਜ਼ਾਦੇ ਸ਼ਹੀਦ



www.AKJ.Org

ਹੋਏ। ਸਰਹੰਦ ਵਿਖੇ ਆਪਣੇ ਨੌਕਰ ਗੰਗੂ ਬ੍ਰਾਹਮਣ ਦੀ ਗ਼ਦਾਰੀ ਤੇ ਬੇਵਫ਼ਾਈ ਕਾਰਨ ਦੋਨੋਂ ਛੋਟੇ ਸਾਹਿਬਜ਼ਾਦੇ ਗ੍ਰਿਫ਼ਤਾਰ ਕਰ ਲਏ ਗਏ ਤੇ ਬੜੀ ਬੇਦਰਦੀ ਨਾਲ ਕੰਧ ਵਿਚ ਚਿਣੇ ਗਏ। ਉਸਮਾਨ ਖਾਂ ਨੇ ਇਹ ਸਾਕਾ ਅੱਖੀਂ ਦੇਖਿਆ ਤੇ ਸਾਢੌਰੇ ਆ ਕੇ ਇਸ ਗਲ ਦਾ ਬੜੇ ਫ਼ਖਰ ਨਾਲ ਐਲਾਨ ਕੀਤਾ। ਇਹ ਖ਼ਬਰ ਸੁਣ ਕੇ ਪੀਰ ਬੁੱਧੂ ਸ਼ਾਹ ਨੂੰ ਬਹੁਤ ਦੁਖ ਤੇ ਰੰਜ ਹੋਇਆ। ਉਹ ਗੁਰੂ ਸਾਹਿਬ ਨੂੰ ਮਿਲਣ ਦੀ ਲੋਚਾ ਕਰਨ ਲੱਗਾ।

ਪੀਰ ਬੁੱਧੂ ਸ਼ਾਹ ਦਾ ਦੁਖ ਤੇ ਸ਼ੋਕ ਦੂਰ ਕਰਨ ਲਈ ਗੁਰੂ ਸਾਹਿਬ ਇਕ ਵਾਰ ਫੇਰ ਸਾਢੌਰੇ ਗਏ। ਗੁਰੂ ਸਾਹਿਬ ਨੇ ਪੀਰ ਨੂੰ ਆਪਣੀ ਗਲਵਕੜੀ ਵਿਚ ਲਿਆ। ਪੀਰ ਨੇ ਆਪਣਾ ਦੁਖ ਜ਼ਾਹਰ ਕਰਦਿਆਂ ਹੋਇਆਂ ਕਿਹਾ ਕਿ "ਆਪ ਦੇ ਛੋਟੇ ਛੋਟੇ ਬੱਚਿਆਂ ਨੂੰ ਬੜੀ ਬੇਦਰਦੀ ਨਾਲ ਤੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਇਹ ਜ਼ੁਲਮ ਤੇ ਸਬਰ ਦੀ ਹੱਦ ਹੈ। ਆਪ ਦਾ ਠਿਕਾਣਾ ਵੀ ਜਾਂਦਾ ਰਿਹਾ ਤੇ ਆਪ ਹੁਣ ਜੰਗਲਾਂ ਵਿਚ ਫਿਰ ਰਹੇ ਹੋ।" ਗੁਰੂ ਸਾਹਿਬ ਇਕ ਮੰਜੀ ਤੇ ਬੈਠੇ ਸਨ ਅਤੇ ਪੀਰ ਬੁੱਧੂ ਸ਼ਾਹ ਉਨ੍ਹਾਂ ਦੇ ਚਰਨਾਂ ਵਿਚ ਹੇਠਾਂ ਚਟਾਈ ਉੱਪਰ ਬੈਠਾ ਹੋਇਆ ਸੀ। ਫੇਰ ਪੀਰ ਨੇ ਗੁਰੂ ਸਾਹਿਬ ਨੂੰ ਆਪਣਾ ਇਕ ਭਿਆਨਕ ਸੁਪਨਾ ਸੁਣਾਇਆ। ਰੱਬ ਉਸ ਨੂੰ ਕਿਸੇ ਅਜ਼ਮਾਇਸ਼ ਵਿਚ ਪਾਉਣਾ ਚਾਹੁੰਦਾ ਸੀ। ਗੁਰੂ ਸਾਹਿਬ ਨੇ ਉਸ ਨੂੰ ਤਸੱਲੀ ਦਿੰਦਿਆਂ ਕਿਹਾ ਕਿ "ਰੱਬ ਦੇ ਭਗਤਾਂ ਨੂੰ ਅਕਾਲ ਪੁਰਖ ਦੇ ਹੁਕਮ ਮੰਨਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਤੁਹਾਡੀ ਆਖਰੀ ਅਜ਼ਮਾਇਸ਼ ਹੈ। ਇਸ ਦਾ ਦਲੇਰੀ ਨਾਲ ਸਾਹਮਣਾ ਕਰੋ। ਸੂਰਜ ਡੁਬਣ ਤਕ ਗੁਰੂ ਸਾਹਿਬ ਉਥੇ ਹੀ ਸਨ।

ਇੰਨੇ ਵਿਚ ਉਸਮਾਨ ਖਾਂ ਦਾ ਹੁਕਮ ਲੈ ਕੇ ਇਕ ਦੂਤ ਆ ਪੁਜਾ, ਜਿਸ ਵਿਚ ਲਿਖਿਆ ਸੀ ਕਿ "ਪਤਾ ਲਗਾ ਹੈ ਕਿ ਗੁਰੂ ਗੋਬਿੰਦ ਸਿੰਘ ਪੀਰ ਬੁੱਧੂ ਸ਼ਾਹ ਨੂੰ ਮਿਲਣ ਆਏ ਹਨ ਅਤੇ ਪੀਰ ਨੂੰ ਹੁਕਮ ਦਿਤਾ ਜਾਂਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਉਸਮਾਨ ਖਾਂ ਦੇ ਹਵਾਲੇ ਕਰ ਦੇਵੇ। ਜੇ ਕਰ ਉਹ ਕਿਸੇ ਕਾਰਨ ਕਰਕੇ ਜਿਉਂਦੇ ਜੀ ਉਨ੍ਹਾਂ ਨੂੰ ਹਵਾਲੇ ਨਹੀਂ ਕਰਨਾ ਚਾਹੁੰਦਾ ਤਾਂ ਉਹ ਉਨ੍ਹਾਂ ਦਾ ਮਿਰਤਕ ਸਰੀਰ ਹੀ ਦੇ ਦੇਵੇ।"

ਉਸ ਸਮੇਂ ਪੀਰ ਦਾ ਇਕ ਸਪੁਤ੍ਰ ਸੱਯਦ ਮੁਹੰਮਦ ਬਖਸ਼ ਉਥੇ ਉਸ ਕੋਲ ਸੀ। ਦੋਹਾਂ ਨੇ ਇਕ ਪਾਸੇ ਹੋ ਕੇ ਮਾਮਲੇ ਉਪਰ ਵਿਚਾਰ ਕੀਤੀ। ਜੇਕਰ ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਉਨ੍ਹਾਂ ਕੋਲ ਨਹੀਂ ਆਏ ਤਾਂ ਫ਼ੌਜ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਏਗੀ ਅਤੇ ਉਸ ਹਾਲਤ ਵਿਚ ਉਨ੍ਹਾਂ ਲਈ ਗੁਰੂ ਸਾਹਿਬ ਨੂੰ ਬਚਾਉਣਾ ਔਖਾ ਹੋ ਜਾਏਗਾ। ਮੁਹੰਮਦ ਬਖ਼ਸ਼ ਨੇ ਆਪਣੇ ਪਿਤਾ ਨੂੰ ਕਿਹਾ ਕਿ ਉਹ ਉਸਮਾਨ ਖਾਂ ਨੂੰ ਸੂਚਿਤ ਕਰ ਦੇਵੇ ਕਿ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਜੀਉਂਦਾ ਜਾਂ ਮਿਰਤਕ ਹਾਲਤ ਵਿਚ ਉਸ ਦੇ ਹਵਾਲੇ ਕਰਨ ਨੂੰ ਤਿਆਰ ਨਹੀਂ। ਹਾਂ, ਉਸਮਾਨ ਖਾਂ ਦੀ ਤਸੱਲੀ ਵਾਸਤੇ ਉਹ ਗੁਰੂ ਸਾਹਿਬ ਨੂੰ ਕਤਲ ਕਰ ਦੇਣਗੇ ਅਤੇ ਨਿਸ਼ਾਨੀ ਵਜੋਂ ਉਨ੍ਹਾਂ ਦਾ ਲਹੂ ਉਸ ਪਾਸ ਭੇਜ ਦੇਣਗੇ। ਪੀਰ ਨੇ ਪੁਛਿਆ ਕਿ "ਉਹ ਗੁਰੂ ਸਾਹਿਬ ਦਾ ਖ਼ੂਨ ਕਿਵੇਂ ਭੇਜ ਸਕਦੇ ਹਨ? ਪੁਤ੍ਰ ਨੇ ਮੁਸਕ੍ਰਾਂਦੇ ਹੋਇਆਂ ਜਵਾਬ ਦਿਤਾ ਕਿ ਉਹ ਆਪਣਾ ਗਲਾ ਆਪ ਕਟ ਦੇਵੇਗਾ ਅਤੇ ਜਿਹੜਾ ਖ਼ੂਨ ਡੁਲ੍ਹੇਗਾ, ਉਸ ਨੂੰ ਇਕ ਭਾਂਡੇ ਵਿਚ ਇਕੱਠਾ ਕਰ ਕੇ ਇਕ ਬੋਤਲ ਵਿਚ ਪਾ ਕੇ ਉਸਮਾਨ ਖਾਂ ਕੋਲ ਭੇਜ ਦਿਤਾ ਜਾਵੇ। ਇਹ ਸੰਦੇਸਾ ਉਸਮਾਨ ਖਾਂ ਨੂੰ ਭੇਜਿਆ ਗਿਆ ਜਿਸ ਦੇ ਮਿਲਣ ਤੇ ਉਹ ਬਹੁਤ ਪ੍ਰਸੰਨ ਹੋਇਆ।

ਉਸਮਾਨ ਕਹਿਣ ਲਗਾ ਕਿ ਜਿਹੜਾ ਕੰਮ ਕੋਈ ਦੂਜਾ ਨਹੀਂ ਕਰ ਸਕਿਆ, ਉਹ ਉਸਦੀ ਇਕੋ ਧਮਕੀ ਨੇ ਪੂਰਾ ਕਰ ਵਿਖਾਇਆ ਹੈ। ਉਸਮਾਨ ਖਾਂ



www.AKJ.Org

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਾਹਮਣਾ ਨਹੀਂ ਕਰਨਾ ਚਾਹੁੰਦਾ ਸੀ। ਜੇਕਰ ਉਸ ਨੂੰ ਬਿਨਾਂ ਲੜਨ ਦੇ ਗੁਰੂ ਸਾਹਿਬ ਦਾ ਖ਼ੂਨ ਮਿਲ ਜਾਵੇ ਤਾਂ ਦਿੱਲੀ ਦਰਬਾਰ ਵਿਚ ਉਸ ਦਾ ਮਾਨ ਸਤਿਕਾਰ ਬਹੁਤ ਵਧ ਜਾਵੇਗਾ ਇਸ ਚਿੰਤਾ ਤੋਂ ਮੁਕਤ ਹੋ ਕੇ ਉਹ ਰਾਗ ਰੰਗ ਵਿਚ ਰੁਝ ਗਿਆ।

ਜਦ ਸ਼ਹਿਰ ਘੂਕ ਨੀਂਦਰੇ ਸੁਤਾ ਪਿਆ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਰਾਤ ਦੇ ਅਨ੍ਹੇਰੇ ਵਿਚ ਸਾਢੌਰੇ ਤੋਂ ਨਿਕਲ ਗਏ। ਸਵੇਰ ਹੁੰਦਿਆਂ ਹੀ ਉਸਮਾਨ ਖਾਂ ਨੇ ਆਪਣਾ ਇਕ ਦੂਤ ਪੀਰ ਕੋਲ ਭੇਜਿਆ ਤਾਂ ਜੋ ਆਪਣੇ ਇਕਰਾਰ ਮੁਜਬ ਉਹ ਗੁਰੂ ਸਾਹਿਬ ਦਾ ਖ਼ੂਨ ਦੇ ਦੇਵੇ। ਪੀਰ ਜੀ ਨੇ ਖ਼ੂਨ ਦੀ ਬੋਤਲ ਉਸ ਨੂੰ ਦੇ ਦਿੱਤੀ ਜਿਸ ਵਿਚ ਸੱਯਦ ਮੁਹੰਮਦ ਬਖਸ਼ ਦਾ ਖ਼ੂਨ ਭਰਿਆ ਹੋਇਆ ਸੀ। ਪੀਰ ਨੇ ਸੋਚਿਆ ਕਿ ਜੇਕਰ ਪੁਤਰ ਦੀ ਲਾਸ਼ ਨੂੰ ਬਾਹਰ ਲੈ ਜਾ ਕੇ ਦਫ਼ਨਾਇਆ ਗਿਆ ਤਾਂ ਭੇਤ ਖੁਲ੍ਹ ਜਾਏਗਾ। ਇਸ ਲਈ ਉਸ ਨੇ ਮੁਹੰਮਦ ਬਖਸ਼ ਦੀ ਲਾਸ਼ ਨੂੰ ਘਰ ਦੇ ਅੰਦਰ ਹੀ ਦਬਾ ਦਿਤਾ। ਉਸ ਨੇ ਇਹ ਮਸ਼ਹੂਰ ਕਰ ਦਿਤਾ ਕਿ ਮੁਹੰਮਦ ਬਖਸ਼ ਬਚਾਉ ਦੇ ਖਿਆਲ ਨਾਲ ਗੁਰੂ ਸਾਹਿਬ ਨਾਲ ਗਿਆ ਹੋਇਆ ਹੈ ਅਤੇ ਕੁਝ ਦਿਨਾਂ ਪਿਛੋਂ ਪਰਤ ਆਵੇਗਾ।

ਦੂਜੇ ਪਾਸੇ ਉਸਮਾਨ ਖਾਂ ਦਿੱਲੀ ਵਲ ਨੂੰ ਤੁਰੰਤ ਤੁਰ ਪਿਆ। ਦਸਿਆ ਕਿ ਦਿੱਲੀ ਦਰਬਾਰ ਦੇ ਇਕ ਪ੍ਰਸਿੱਧ ਹਕੀਮ ਨੂੰ ਖ਼ੂਨ ਪਰਖਣ ਲਈ ਸਦਿਆ ਗਿਆ। ਉਸ ਨੇ ਬੋਤਲ ਦਾ ਡਾਟ ਖੋਲ੍ਹਿਆ ਅਤੇ ਸੁੰਘਣ ਉਪ੍ਰੰਤ ਦਸਿਆ ਕਿ ਉਹ ਗੁਰੂ ਸਾਹਿਬ ਦਾ ਖ਼ੂਨ ਨਹੀਂ। ਗੁਰੂ ਸਾਹਿਬ ਇਕ ਰੂਹਾਨੀ ਪੁਰਸ਼ ਹਨ, ਜਿਨ੍ਹਾਂ ਦਾ ਜੀਵਣ ਅਤਿ ਪਵਿੱਤ੍ਰ ਤੇ ਪਾਕ ਸੀ ਤੇ ਉਹ ਅੱਲਾ ਦੇ ਪਿਆਰੇ ਸਨ। ਉਨ੍ਹਾਂ ਦੇ ਖ਼ੂਨ ਵਿਚੋਂ ਤਾਂ ਸੁਗੰਧੀ ਆਉਣੀ ਚਾਹਦੀ ਸੀ, ਪਰੰਤੂ ਬੋਤਲ ਵਿਚਲਾ ਖ਼ੂਨ ਤਾਂ ਅਜਿਹਾ ਨਹੀਂ। ਸਹਿਨਸ਼ਾਹ ਔਰੰਗਜ਼ੇਬ ਗੁੱਸੇ ਨਾਲ ਭੜਕ ਉਠਿਆ ਅਤੇ ਉਸ ਨੇ ਐਲਾਨ ਕੀਤਾ ਕਿ ਜੇ ਕਰ ਇਹ ਧੋਖਾ ਸਾਬਤ ਹੋਇਆ ਤਾਂ ਪੀਰ ਬੁੱਧੂ ਸ਼ਾਹ ਨੂੰ ਇਸਦਾ ਸਖ਼ਤ ਖਮਿਆਜ਼ਾ ਭੁਗਤਣਾ ਪਵੇਗਾ।

ਅਗਲੇ ਦਿਨ ਸ਼ਹਿਨਸ਼ਾਹ ਇਕ ਬਗ਼ਾਵਤ ਦਬਾਉਣ ਲਈ ਦੱਖਣ ਵਲ ਰਵਾਨਾ ਹੋਇਆ। ਜਾਣ ਤੋਂ ਪਹਿਲਾਂ ਉਸ ਨੇ ਉਸਮਾਨ ਖਾਂ ਨੂੰ ਹੁਕਮ ਦਿਤਾ ਕਿ ਜੇਕਰ ਏਹ ਸਾਬਤ ਹੋ ਗਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਹਾਲੀਂ ਜ਼ਿੰਦਾ ਹਨ ਤਾਂ ਉਸ ਨੂੰ (ਉਸਮਾਨ ਖਾਂ ਨੂੰ) ਪੂਰਨ ਅਧਿਕਾਰ ਹੈ ਕਿ ਉਹ ਪੀਰ ਬੁੱਧੂ ਸ਼ਾਹ ਨੂੰ ਸਖਤ ਤੋਂ ਸਖਤ ਸਜ਼ਾ ਦੇਵੇ। ਉਸਮਾਨ ਖਾਂ ਵੀ ਬੜੇ ਰੋਹ ਵਿਚ ਸੀ ਕਿਉਂਕਿ ਉਸ ਦੇ ਪਹਿਲੇ ਸਾਰੇ ਜਤਨ ਪੀਰ ਬੁੱਧੂ ਸ਼ਾਹ ਦੀ ਚਲਾਕੀ ਕਾਰਨ ਅਸਫ਼ਲ ਰਹੇ ਸਨ। ਰਾਹ ਵਿਚ ਉਸ ਨੇ ਗੁਰੂ ਸਾਹਿਬ ਦੀ ਭਾਲ ਕਰਨ ਲਈ ਦੂਤ ਭੇਜੇ। ਉਨ੍ਹਾਂ ਵਿਚੋਂ ਇਕ ਨੇ ਸੂਚਨਾ ਦਿਤੀ ਕਿ ਗੁਰੂ ਸਾਹਿਬ ਜ਼ਿੰਦਾ ਸਨ ਅਤੇ ਉਸ ਸਮੇਂ ਦੀਨਾ ਵਿਖੇ ਗਏ ਸਨ।

ਉਧਰ ਪੀਰ ਨੂੰ ਉਸ ਦੇ ਸੇਵਕਾਂ ਨੇ ਖਬਰਦਾਰ ਕੀਤਾ। ਉਸ ਨੇ ਆਪਣੀ ਇਸਤ੍ਰੀ ਨਸੀਰਾ ਨਾਲ ਸਲਾਹ ਕਰਕੇ ਆਪਣੇ ਦੋ ਪੁਤਰਾਂ ਦੇ ਟਬਰਾਂ ਨੂੰ ਸਭ ਤੋਂ ਛੋਟੇ ਪੁਤਰ ਨਾਲ ਨਾਹਨ ਭੇਜ ਦਿਤਾ। ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼ ਗੁਰੂ ਸਾਹਿਬ ਦਾ ਸੇਵਕ ਸੀ। ਉਸਮਾਨ ਖਾਂ ਨੇ ਪੀਰ ਬੁੱਧੂ ਸ਼ਾਹ ਨੂੰ ਫੜ ਲਿਆ ਅਤੇ ਉਸ ਨੂੰ ਜੰਗਲ ਵਿਚ ਇਕ ਅਣਜਾਣੀ ਥਾਂ ਲੈ ਗਿਆ। ਉਥੇ ਉਸ ਨੂੰ ਬੜੀ ਬੇਦਰਦੀ ਨਾਲ ਕਤਲ ਕੀਤਾ। ਉਸ ਦੇ ਸਰੀਰ ਦੇ ਟੋਟੇ ਕੀਤੇ। ਉਸ ਵਕਤ ਪੀਰ ਬੁਧੂ ਸ਼ਾਹ ਅੰਤਰ ਧਿਆਨ ਸੀ। ਪੀਰ ਦੇ ਕਤਲ ਪਿਛੋਂ ਉਸਦਾ ਘਰ ਢੇਰੀ ਕਰ ਦਿਤਾ ਗਿਆ।

(ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਚੰਡੀਗੜ੍ਹ ਦੇ ਧੰਨਵਾਦ ਸਹਿਤ)



www.AKJ.Org

# ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

—ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ

ਧੰਨ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਧੰਨ ਦਸਮ ਜੋਤ... । ਧੰਨ ਨਿਰਮਲ ਨਾਨਕ ਪੰਥ ਵਿਚ ਪ੍ਰਚੁਰ (ਪਰਚਾਰਨ) ਕਰਨ ਵਾਲੇ ਧਰਮ ਪੁਰਖ (ਅਕਾਲ ਪੁਰਖ) ਦੇ ਦਾਸ ! ਧੰਨ ਦੁਸ਼ਟ ਦਮਨ..!

ਵਾਹ ਵਾਹ ਪ੍ਰਭੂ ਦੇ ਸੁਤ (ਬੇਟੇ)...! ਵਾਹ ਵਾਹ ਦਸਮ ਗੁਰੂ..! ਵਾਹ ਵਾਹ ਮਰਦ ਅਗੰਮੜੇ.! ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ...! ਵਾਹ ਵਾਹ ਗੋਬਿੰਦ ਸਿੰਘ...! ਵਾਹ ਵਾਹ ਗੋਬਿੰਦ ਸਿੰਘ...! ਵਾਹ ਵਾਹ ਗੋਬਿੰਦ ਸਿੰਘ...! ਆਪੇ ਗੁਰ ਤੇ ਆਪੇ ਚੇਲਾ । ਆਪਣੇ ਚੇਲਿਆਂ ਦਾ ਚੇਲਾ। ਪਹਿਲੋਂ ਉਨ੍ਹਾਂ ਦਾ ਗੁਰੂ ਫਿਰ ਉਨ੍ਹਾਂ ਦਾ ਚੇਲਾ। ਵਾਹ ਵਾਹ ਗੁਰੂ ਗੋਬਿੰਦ ਸਿੰਘ...!

ਜੁਗਾਂ ਜੁਗਾਂਤਰਾਂ ਵਿਚ ਗੁਰੂ ਭੀ ਬਹੁਤਿਆਂ ਨੇ ਕਹਿਲਵਾਇਆ ਅਤੇ ਉਨ੍ਹਾਂ ਦੇ ਚੇਲੇ ਭੀ ਬਹੁਤ ਹੋਏ ਪਰ ਆਪਣੇ ਚੇਲੇ ਅੱਗੇ ਮੱਥਾ ਟੇਕਣ ਦੀ ਪਿਰਤ ਨਾਨਕ ਘਰ ਵਿਚ ਹੀ ਪਈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਥੇ ਆਪਣੀ ਡਿਊਟੀ ਨਿਭਾਕੇ ਜਾਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੇ ਆਪਣੇ ਚੇਲੇ (ਸਿੱਖ) ਭਾਈ ਲਹਿਣੇ ਨੂੰ ਆਪਣੀ ਮੰਜੀ (ਗੱਦੀ) ਤੇ ਆਪ ਬਿਠਾਇਆ। ਆਪ ਮੰਜੀ ਤੋਂ ਥੱਲੇ ਉਤਰਕੇ ਬਾਕੀ ਚੇਲਿਆਂ (ਸੰਗਤ) ਵਿਚ ਬੈਠ ਗਏ । ਪਹਿਲੋਂ ਆਪ ਆਪਣੇ ਚੇਲੇ ਨੂੰ ਗੁਰਗੱਦੀ ਤੇ ਬਿਠਾ ਕੇ ਉਸ ਅੱਗੇ ਮੱਥਾ ਟੇਕਿਆ ਫਿਰ ਬਾਕੀ ਸਿਖਾਂ ਨੇ ਭਾਈ ਲਹਿਣੇ ਨੂੰ ਨਾਨਕ ਜੋਤ ਜਾਣ ਕੇ ਗੁਰੂ ਵਲੋਂ ਮੱਥਾ ਟੇਕਿਆ । ਇਵੇਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲੋਂ ਹੋਇਆ । ਗੁਰੂ ਨੇ ਆਪਣੇ ਜੀਉਂਦਿਆਂ ਹੀ ਆਪਣੇ ਚੇਲੇ ਨੂੰ ਗੁਰੂ ਥਾਪ ਦਿਤਾ ਅਤੇ ਇਸ ਤੋਂ ਛੇਤੀ ਹੀ ਬਾਅਦ ਆਪ ਚਲਾਣਾ ਕਰ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਬਦ ਗੁਰੂ' ਸ੍ਰੀ ਗੁਰੂ ਗਰੰਥ ਸਾਹਿਬ ਜੀ ਅਗੇ ਪੰਜ ਪੈਸੇ ਅਤੇ ਨਾਰੀਅਲ ਰੱਖਕੇ ਮੱਥਾ ਟੇਕਿਆ ਅਤੇ ਆਪਣੇ ਜਿਉਂਦੇ ਜੀ ਆਪਣੇ ਚੇਲਿਆਂ ਅਗੇ ਮੱਥਾ ਟੇਕਣ ਦੀ ਵਿਲੱਖਣਤਾ ਨੂੰ ਨਵੇਂ ਢੰਗ ਨਾਲ ਪ੍ਰਗਟ ਕੀਤਾ। ਪਹਿਲੋਂ ਆਪਣੇ ਚੇਲਿਆਂ (ਸਿਖਾਂ) ਨੂੰ ਪਾਹੁਲ ਆਪ ਦਿਤੀ ਅਤੇ ਫਿਰ ਉਨ੍ਹਾਂ ਦਾ ਚੇਲਾ ਬਣਕੇ ਉਨ੍ਹਾਂ ਕੋਲੋਂ ਆਪ ਲਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਿੰਮੇਂ ਅਕਾਲ ਪੁਰਖ ਵਲੋਂ ਪੰਥ ਪ੍ਰਚਾਰ ਕਰਨ ਦੀ ਡਿਊਟੀ ਲੱਗੀ ਸੀ ਉਨ੍ਹਾਂ ਨੇ ਬਚਿੱਤਰ ਨਾਟਕ ਵਿਚ ਇਉਂ ਵਰਣਨ ਕੀਤੀ ਹੈ :—



www.AKJ.Org

'ਮੈਂ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਾਹ ਤਹਾ ਤੈ ਧਰਮੁ ਚਲਾਇ।
ਕਬੁੱਧਿ ਕਰਨ ਤੇ ਲੋਕ ਹਟਾਇ।'

(ਬਚਿਤਰ ਨਾਟਕ)

ਧਰਮ ਚਲਾਵਣ, ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ (ਸਾਰੇ ਦੁਸਟਾਂ ਨੂੰ ਜੜ੍ਹਾਂ ਤੋਂ ਪੁੱਟਣ) ਦੀ ਡਿਊਟੀ ਦਸਮੇਸ਼ ਪਿਤਾ ਜੀ ਦੇ ਜ਼ਿੰਮੇਂ ਲੱਗੀ ਜਿਸਨੂੰ ਗੁਰੂ ਜੀ ਨੇ ਇਉਂ ਲਿਖਿਆ ਹੈ :—

'ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ, ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।'

(ਬਚਿਤਰ ਨਾਟਕ)

ਜਦੋਂ ਅਕਾਲ ਪੁਰਖ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਹੈ ਕਿ ਮੈਂ ਤੈਨੂੰ ਆਪਣਾ ਪੁਤਰ ਬਣਾ ਕੇ ਪੰਥ ਪ੍ਰਚਾਰ ਕਰਨ, ਧਰਮ ਚਲਾਵਨ ਅਤੇ ਲੋਕਾਂ ਨੂੰ ਜ਼ੁਲਮ ਤੋਂ ਰੋਕਣ ਵਾਸਤੇ ਥਾਪਿਆ ਹੈ ਤਾਂ ਗੁਰੂ ਜੀ ਨੇ ਖੜੇ ਹੋ ਕੇ ਹੱਥ ਜੋੜਕੇ ਅਤੇ ਸੀਸ ਨਿਵਾਕੇ ਇਹ ਕਿਹਾ ਕਿ ਜਦੋਂ ਤੁਹਾਡੀ ਕਿਰਪਾ ਹੋਵੇਗ ਤਾਂ ਜਗਤ ਵਿਚ ਪੰਥ ਨਿਸਰੇਗਾ, ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ ਇਸ ਨੂੰ ਇਉਂ ਬਿਆਨ ਕੀਤਾ ਹੈ :—

'ਠਾਢ ਭਯੋ ਮੈਂ ਜੋਰਿ ਕਰ
ਬਚਨ ਕਹਾ ਸਿਰ ਨਿਆਇ।
ਪੰਥ ਚਲੈ ਤਬ ਜਗਤ ਮੈਂ
ਜਬ ਤੁਮ ਕਰਹੁ ਸਹਾਇ।'

(ਬਚਿੱਤਰ ਨਾਟਕ)

ਅਕਾਲ ਪੁਰਖ ਜੀ ਵਲੋਂ ਲੱਗੀ ਡਿਊਟੀ ਨੂੰ ਨਿਭਾਉਣ ਵਾਸਤੇ ਗੁਰੂ ਜੀ ਨੂੰ ਬੜਾ ਉਪਰਾਲਾ ਕਰਨਾ ਪਿਆ। ਮੁਸਲਮਾਨੀ ਹਕੂਮਤ ਹਿੰਦੂ ਪਰਜਾ ਤੇ ਜ਼ੁਲਮ ਢਾ ਰਹੀ ਸੀ। ਹਿੰਦੂ ਜਾਤੀ ਦਾ ਘੋਰ ਅਪਮਾਨ ਹੋ ਰਿਹਾ ਸੀ। ਉਨ੍ਹਾਂ ਨੂੰ ਆਏ ਦਿਨ ਮੁਗਲ ਹਕੂਮਤ ਦੇ ਧੱਕੇ ਸਹਿਣੇ ਪੈਂਦੇ ਸਨ। ਹਾਕਮ ਜਦੋਂ ਚਾਹੁੰਦੇ ਹਿੰਦੂਆਂ ਦੀਆਂ ਬਹੂ ਬੇਟੀਆਂ ਜਬਰਨ ਚੁਕ ਕੇ ਲੈ ਜਾਂਦੇ, ਜਦੋਂ ਉਨ੍ਹਾਂ ਦਾ ਜੀਅ ਕਰਦਾ ਉਹ



www.AKJ.Org

ਹਿੰਦੂ ਪਰਜਾ ਦਾ ਅੰਨ, ਧਨ ਅਤੇ ਇਜ਼ਤ ਲੁਟਕੇ ਲੈ ਜਾਂਦੇ। ਮਜ਼ਹਬੀ ਜਨੂੰਨ ਵਿਚ ਅੰਨੇ ਹੋਏ ਹਾਕਮ ਦੂਜੀਆਂ ਜਾਤੀਆਂ ਦੇ ਲੋਕਾਂ ਨੂੰ ਜਬਰਨ ਮੁਸਲਮਾਨ ਬਣਾ ਲੈਂਦੇ, ਅਜੇਹੀ ਦਸ਼ਾ ਵਿਚ ਕਸ਼ਮੀਰੀ ਪੰਡਤ ਅਨੰਦ ਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਦਾਦ ਫਰਿਆਦ ਲੈ ਕੇ ਆਏ ਕਿ ਉਨ੍ਹਾਂ ਦਾ ਧਰਮ ਬਚਾਇਆ ਜਾਏ। ਕਸ਼ਮੀਰੀ ਪੰਡਿਤ ਖਲੋਤੇ ਅਰਜ਼ ਕਰ ਰਹੇ ਸਨ ਅਤੇ ਬਾਲਕ ਗੋਬਿੰਦ ਰਾਏ ਸਭ ਕੁਝ ਦੇਖ ਰਿਹਾ ਸੀ। ਪਿਤਾ ਜੀ ਨੂੰ ਗਹਿਰੀ ਸੋਚ ਵਿਚ ਦੇਖ ਕੇ ਬੋਲਿਆ, 'ਪਿਤਾ ਜੀ ਇਨ੍ਹਾਂ ਦੁਖੀਆਂ ਦਾ ਧਰਮ ਕਿਵੇਂ ਬੱਚ ਸਕਦਾ ਹੈ ?' ਉਤਰ ਮਿਲਿਆ, 'ਪੁਤਰ ਜੇ ਕੋਈ ਮਹਾਂ ਪੁਰਖ ਇਨ੍ਹਾਂ ਦੀ ਖਾਤਰ ਆਪਣੀ ਬਲੀ ਦੇਵੇ।' ਤੁਹਾਥੋਂ ਵੱਧ ਫਿਰ ਕੌਣ ਮਹਾਂ ਪੁਰਖ ਹੋ ਸਕਦਾ ਹੈ ?' ਪੁਤਰ ਨੇ ਆਪਣੇ ਪਿਤਾ ਨੂੰ ਕਿਹਾ, ਧਰਮ ਚਲਾਵਨ, ਸੰਤ ਉਬਾਰਨ ਅਤੇ ਦੁਸ਼ਟ ਬਿਦਾਰਨ ਵਾਸਤੇ ਜਿਹੜਾ ਸਭ ਤੋਂ ਪਹਿਲਾਂ ਕੰਮ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਉਹ ਸੀ ਆਪਣੇ ਪਿਤਾ ਨੂੰ ਧਰਮ ਦੀ ਖਾਤਰ ਸੀਸ ਦੇਣ ਦਾ, ਪਿਤਾ ਜੀ ਨੂੰ ਤਸੱਲੀ ਹੋ ਗਈ ਕਿ ਪੁਤਰ ਆਪਣੀ ਡਿਊਟੀ ਨਿਭਾਉਣ ਯੋਗ ਹੋ ਗਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿਲੀ ਵਲ ਚਾਲੇ ਪਾ ਦਿਤੇ ਜਾਂ ਔਰੰਗਜ਼ੇਬ ਬਾਦਸ਼ਾਹ ਨਾਲ ਟੱਕਰ ਲਾਈ। ਸਰੀਰ ਦਾ ਠੀਕਰਾ ਦਿਲੀ ਦੇ ਮਾਲਕ (ਔਰੰਗਜ਼ੇਬ) ਦੇ ਸਿਰ ਤੇ ਭੰਨ ਦਿਤਾ ਅਤੇ ਜ਼ਾਲਮ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਖੋਖਲੀਆਂ ਕਰ ਦਿਤੀਆਂ। ਜ਼ਾਲਮਾਂ ਨੂੰ ਹਾਲੇ ਭੀ ਹੋਸ਼ ਨਾ ਆਈ। ਆਪਣੇ ਜ਼ੁਲਮ ਬੰਦ ਨਾ ਕੀਤੇ, ਹੋਣਹਾਰ ਗੋਬਿੰਦ ਰਾਏ ਨੇ ਗੁਰ-ਗੱਦੀ ਤੇ ਬੈਠਦੇ ਹੀ ਫ਼ੈਸਲਾ ਕਰ ਲਆ ਕਿ ਜ਼ੁਲਮ ਇਉਂ ਨਹੀਂ ਠੱਲੇਗਾ। ਜ਼ਾਲਮਾਂ ਤੇ ਕਿਰਪਾਨ ਦੀ ਕਿਰਪਾ ਕਰਨੀ ਪਵੇਗੀ। ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਧਾਰਨ ਕੀਤੀ ਕਿਰਪਾਨ ਨੂੰ ਮੁਖ ਰੱਖਣਾ ਪਿਆ। ਸਭ ਸਿੱਖਾਂ ਨੂੰ ਸਨੱਦ ਬੱਧ ਹੋਣ ਦਾ ਹੁਕਮ ਕਰ ਦਿਤਾ। ਹਥਿਆਰ ਚਲਾਉਣ, ਘੋੜ ਸਵਾਰੀ, ਨੇਜ਼ਾ ਬਾਜ਼ੀ ਆਦਿ ਦੀ ਸਿਖਲਾਈ ਅਰੰਭ ਹੋ ਗਈ। ਅਨੰਦਪੁਰ ਫੌਜੀ ਟਰੇਨਿੰਗ ਦਾ ਗੜ੍ਹ ਬਣ ਗਿਆ ਰਣਜੀਤ ਨਗਾਰਾ ਤਿਆਰ ਹੋ ਗਿਆ ਜਿਸ ਦੀ ਗੂੰਜ ਨਾਲ ਪਹਾੜੀ ਰਾਜਿਆਂ ਦੇ ਹਿਰਦੇ ਕੰਬ ਉਠਦੇ।

ਗੁਰੂ ਜੀ ਨੇ ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਕਰਕੇ ਸੰਤ ਸਿਪਾਹੀ ਬਣਾ ਦਿਤੇ, ਦੁਬੇਲ ਕਰਕੇ ਲੋਕਾ ਵਿਚੋਂ ਡਰ ਕਢਕੇ ਨਿਡਰ ਅਤੇ ਸੂਰਮੇ ਬਣਾ ਦਿਤਾ। ਗੁਰੂ ਦੀ ਸ਼ਿਖਸ਼ਾ ਪੜਾਵਾਰ ਅਗਾਂਹ ਵਧਦੀ ਗਈ। ਅਨਘੜਤ ਲੋਹਾ ਅੱਗ ਵਿਚ ਪਾਇਆ ਗਿਆ, ਲਾਲ ਹੋਣ ਤੇ ਠੱਪਿਆ ਗਿਆ। ਸ਼ਕਲ ਸੂਰਤ ਨਿਕਲ ਆਈ। ਕੰਮ ਦੀ ਚੀਜ਼ ਬਣ ਗਈ, ਖੜਗ ਸੰਜੋਅ ਬਣ ਗਈ। ਲੋੜ ਪਈ ਨਰਮ ਧਾਤ ਨੂੰ ਸਖਤ ਕਰਨ ਦੀ ਤਾਂ ਜੋ ਟੱਕਰ ਸਮੇਂ ਮੁੜ ਨਾ ਜਾਏ। ਪਾਣ ਚਾੜ੍ਹਣ ਵਾਸਤੇ ਪ੍ਰਬੰਧ ਕਰਨਾ ਪਿਆ।

ਗੁਰੂ ਕੇ ਸਿੱਖ ਅਨੰਦਪੁਰ ਦੀਆਂ ਪਹਾੜੀਆਂ ਵਿਚ ਨਿੱਤ ਲੜਾਈ ਦੀਆਂ ਮਸ਼ਕਾਂ ਕਰਦੇ। ਬੀਰ ਰਸ ਠਾਠਾਂ ਮਾਰਦਾ। ਜੁਆਨਾਂ ਦੇ ਡੌਲੇ ਫਰਕਦੇ। ਚਿੜੀਆਂ ਅਸਮਾਨ ਵਿਚ ਫੜਫੜਾਉਂਦੀਆਂ, ਬਾਜਾਂ ਨੂੰ ਝਪਟ ਮਾਰਨ ਨੂੰ ਜੀ ਕਰਦਾ। ਜਰਨੈਲ ਸਤਿਗੁਰੂ ਦੇਖ ਦੇਖ ਖੀਵਾ ਹੁੰਦੇ ! ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰ ਕਰਦੇ।



www.AKJ.Org

ਗੁਰ ਜੀ ਆਮ ਲੋਹੇ ਦੇ ਟੁਕੜਿਆਂ ਵਿਚ ਚੁੰਬਕ ਸ਼ਕਤੀ ਭਰਨਾ ਚਾਹੁੰਦੇ ਸਨ। ਭਗਤੀ ਤੇ ਸ਼ਕਤੀ ਨੂੰ ਇਕੱਠਿਆਂ ਕਰਨਾ ਚਾਹੁੰਦੇ ਸਨ। ਸਵੈ-ਰੱਖਿਆ ਲਈ ਬਲ ਪੈਦਾ ਕਰਨਾ ਚਾਹੁੰਦੇ ਸਨ। ਯੋਗ ਸਮਾਂ ਆਉਣ ਤੇ ਸਭ ਸਿੱਖਾਂ ਨੂੰ ਸੁਨੇਹੜੇ ਭੇਜੇ ਗਏ, ਭਾਗਾਂ ਭਰੀ ਵਿਸਾਖੀ ਤੇ ਅਨੰਦਪੁਰ ਸਾਹਿਬ ਪੁਜਣ ਲਈ। ਸੰਗਤਾਂ ਹੁੰਮ ਹੁਮਾਕੇ ਆਈਆਂ, ਮਾਹੀ ਦੀ ਸਦ ਸੁਣਕੇ। ਬੜਾ ਭਾਰੀ ਦੀਵਾਨ ਸਜਿਆ ਗੁਰੂ ਜੀ ਨੇ ਕੌਤਕ ਵਰਤਾਇਆ। ਆਮ ਦਿਨਾਂ ਤੋਂ ਉਲਟ ਉਸ ਦਿਨ ਉਹ ਅਜੀਬ ਰੰਗਣ ਵਿਚ ਸੰਗਤਾਂ ਸਾਹਮਣੇ ਆਏ। ਨੰਗੀ ਸਿਰੀ ਸਾਹਿਬ (ਕਿਰਪਾਨ) ਹੱਥ ਵਿਚ ਲੈ ਕੇ ਗੱਜ ਕੇ ਬੋਲੇ, 'ਇਕ ਸਿਰ ਚਾਹੀਦਾ ਹੈ।' ਚਾਰੇ ਪਾਸੇ ਚੁਪ ਦਾ ਸੰਨਾਟਾ ਛਾ ਗਿਆ। ਗੁਰੂ ਜੀ ਨੇ ਫਿਰ ਸਿਰ ਦੀ ਮੰਗ ਕੀਤੀ। ਡਰਪੋਕ ਖਿਸਕਣੇ ਸ਼ੁਰੂ ਹੋ ਗਏ, ਜਿਨ੍ਹਾਂ ਨੂੰ ਜਾਨ ਪਿਆਰੀ ਸੀ, ਜਿਨ੍ਹਾਂ ਨੇ ਗੁਰੂ ਅੱਗੇ ਆਪਣਾ ਆਪ ਵੇਚ ਰੱਖਿਆ ਸੀ ਉਨ੍ਹਾਂ ਵਿਚੋਂ ਇਕ ਸੱਜਣ ਭਾਈ ਦਇਆ ਰਾਮ ਜੀ ਉਠ ਖਲੋਤੇ ਅਤੇ ਆਪਣੇ ਆਪ ਨੂੰ ਗੁਰੂ ਜੀ ਦੇ ਪੇਸ਼ ਕਰ ਦਿਤਾ ਅਤੇ ਕਿਹਾ, 'ਜੇ ਦਾਸ ਦਾ ਸਿਰ ਆਪ ਦੇ ਲੇਖੇ ਲੱਗੇ ਤਾਂ ਧੰਨ ਭਾਗ।' ਗੁਰੂ ਜੀ ਉਸ ਨੂੰ ਬਾਹੋਂ ਪਕੜਕੇ ਨਾਲ ਦੇ ਤੰਬੂ ਵਿਚ ਲੈ ਗਏ ਅਤੇ ਥੋਹੜੀ ਦੇਰ ਬਾਦ ਲਹੂ ਨਾਲ ਲਿਬੜੀ ਹੋਈ ਕਿਰਪਾਨ ਲੈ ਕੇ ਫਿਰ ਦੀਵਾਨ ਵਿਚ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ, ਮਨਮੁਖੀ ਲੋਕੀਂ ਭੈ ਭੀਤ ਹੋ ਗਏ ਅਤੇ ਕਹਿਣ ਲੱਗੇ ਕਿ ਗੁਰੂ ਪਾਗਲ ਹੋ ਗਿਆ ਹੈ ਅਤੇ ਅਜਾਈਂ ਸਿੱਖਾਂ ਦਾ ਖੂਨ ਕਰ ਰਿਹਾ ਹੈ ਪਰ ਅੰਞਾਣਿਆਂ ਨੂੰ ਕੀ ਪਤਾ ਸੀ ਕਿ ਸਤਿਗੁਰੂ ਤੇ ਜੀਅ ਦਾਨ ਦੇ ਰਿਹਾ ਹੈ, ਉਹ ਤੇ ਜਨਮਾਂ ਜਨਮਾਤਰਾਂ ਦੀ ਮੈਲ ਕਟਕੇ ਅਮਰ ਕਰ ਰਿਹਾ ਹੈ, ਖੋਟ ਕਢਕੇ ਖਾਲਸ ਕੰਚਨ ਕਰ ਰਿਹਾ ਹੈ।

ਸੰਨ ੧੬੯੯ ਈ: ਦੀ ਵੈਸਾਖੀ ਨੂੰ ਇਸੇ ਤਰ੍ਹਾਂ ਗੁਰੂ ਜੀ ਨੇ ਕੁਲ ਪੰਜ ਸਿਰਾਂ ਦੀ ਮੰਗ ਕੀਤੀ। ਭਾਈ ਦਇਆ ਰਾਮ, ਭਾਈ ਧਰਮ ਚੰਦ, ਭਾਈ ਹਿੰਮਤ ਦਾਸ, ਭਾਈ ਮੁਹਕਮ ਚੰਦ ਭਾਈ ਸਾਹਬ ਚੰਦ ਨੇ ਵਾਰੋ ਵਾਰੀ ਆਪਣੇ ਆਪ ਨੂੰ ਗੁਰੂ ਜੀ ਅਗੇ ਪੇਸ਼ ਕੀਤਾ। ਗੁਰੂ ਜੀ ਨੇ ਉਨ੍ਹਾਂ ਪੰਜਾਂ ਨੂੰ ਨਵਾਂ ਜਨਮ ਬਖ-ਸ਼ਿਆ। ਪਿਛਲੇ ਜਾਤ ਗੋਤ ਖਤਮ ਕਰ ਦਿਤੇ ਅਤੇ ਅਨੰਦ ਦੀ ਪੁਰੀ ਦੇ ਵਾਸੀ ਬਣਾ ਦਿਤਾ। ਨਾਨਕ ਘਰ ਵਿਚ ਚਲੀ ਆ ਰਹੀ ਚਰਨਾਮ੍ਰਿਤ (ਚਰਨ-ਅੰਮ੍ਰਿਤ) ਵਾਲੀ ਪਾਹੁਲ ਨੂੰ ਖੰਡੇ ਦੀ ਪਾਹੁਲ ਵਿਚ ਬਦਲ ਦਿਤਾ। ਅੰਮ੍ਰਿਤ ਤਿਆਰ ਕੀਤਾ ਗਿਆ। ਪਹਿਲੋਂ ਪਹਿਲ ਆਪਣੇ ਪੰਜਾਂ ਪਿਆਰਿਆਂ ਮਰਜੀ-ਵੜਿਆਂ ਨੂੰ ਛਕਾਇਆ। ਜਦੋਂ ਅੰਮ੍ਰਿਤ ਛਕ ਕੇ ਇਹ ਪੰਚ ਬਣ ਗਏ, ਸਿੰਘ ਸਜ ਗਏ ਗੁਰੂ ਦੇ ਪਿਆਰੇ ਹੋ ਗਏ। ਪੰਚ ਪਰਵਾਨ ਹੋ ਗਏ। ਗੁਰੂ ਜੀ ਨੇ ਖੰਡੇ ਦੇ ਅੰਮ੍ਰਿਤ ਦੁਆਰਾ ਉਨ੍ਹਾਂ ਵਿਚ ਜੀਵਨ ਕਣੀ ਉਭਾਰ ਦਿਤੀ ਮਸਤਕ ਮਣੀ ਲਿਸ਼ਕਾਂ ਮਾਰ ਉਠੀ। ਆਪਣੇ ਪਿਆਰਿਆਂ ਵਿਚ ਚੁੰਬਕ ਸ਼ਕਤੀ ਭਰ ਦਿਤੀ, ਜੋਤ ਜਗ ਦਿਤੀ। ਚਾਨਣ ਹੋ ਗਿਆ।

ਪੰਜਾਂ ਦੇ ਸਦਕੇ ਲੋਕ ਰਾਜ ਦੀ ਨੀਂਹ ਰੱਖੀ ਗਈ, ਪਾਰਲੀਮੈਂਟਰੀ ਸਿਸਟਮ ਅਰੰਭ ਹੋ ਗਿਆ। ਪੰਜ ਪਿਆਰੇ ਗੁਰੂ ਰੂਪ ਹੋ ਨਿਬੜੇ, ਗੁਰੂ ਜੀ ਤਾਂ ਅਕਾਲ ਪੁਰਖ ਦੇ ਪੁਤਰ ਹੈ ਹੀ ਸਨ। ਖਾਲਸਾ ਅਕਾਲ ਪੁਰਖ ਦਾ ਪੋਤਰਾ ਹੋ ਗਿਆ, ਪੋਤਰਾ ਪਿਉ ਦਾਦੇ ਜੇਵੇਹਾ। ਅਕਾਲ ਪੁਰਖ ਦਾ ਸਹੀ ਰੂਪ— ਖਾਲਸਾ।



www.AKJ.Org

ਪੰਜਾਂ ਨੇ ਅੰਮ੍ਰਿਤ ਛਕ ਲਿਆ। ਖਾਲਸ ਬਣ ਗਏ। ਪੰਚਾਂ ਵਿਚ ਪਰਮੇਸ਼ਰ ਵਸ ਗਿਆ, ਪਰਮੇਸ਼ਰ ਸਾਖਿਅਤ ਪ੍ਰਗਟ ਹੋ ਗਿਆ। ਗੁਰੂ ਜੀ ਪੰਚ ਪ੍ਰਮੇਸ਼ਰ ਅੱਗੇ ਪੱਲਾ ਪਾ ਕੇ ਖੜੋ ਗਏ ਅਤੇ ਅੰਮ੍ਰਿਤ ਲਈ ਜਾਚਨਾ ਕੀਤੀ। ਆਪਣੇ ਆਪ ਨੂੰ ਗੁਰੂ ਸਮਝ ਕੇ ਨਹੀਂ ਸਗੋਂ ਪੰਚ ਪਰਮੇਸ਼ਰ ਦੇ ਸ਼ਿਸ਼ (ਸਿਖ) ਸਮਝ ਕੇ। ਚੇਲੇ ਗੁਰੂ ਬਣ ਗਏ ਅਤੇ ਅਤੇ ਗੁਰੂ ਨੇ ਚੇਲੇ ਦੀ ਥਾਂ ਤੇ ਆ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਇਸ ਕਾਰਜ ਤੋਂ ਉਪ੍ਰੰਤ ਅਕਾਲੀ ਫੌਜ ਆ ਦੀਵਾਨ ਵਿਚ ਪ੍ਰਗਟ ਹੋਈ। ਸੰਗਤਾਂ ਦਰਸ਼ਣ ਕਰਕੇ ਨਿਹਾਲੋ ਨਿਹਾਲ ਹੋ ਗਈਆਂ।

ਉਹ ਵੈਸਾਖੀ ਦਾ ਦਿਹਾੜਾ ਇਕ ਪ੍ਰਕਾਰ ਅਕਾਲੀ ਫੌਜ ਦੀ ਭਰਤੀ ਦਾ ਦਿਹਾੜਾ ਸੀ ਜਿਸ ਦਿਨ ਕਿ ਹਜ਼ਾਰਾਂ ਸਿੰਘਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਅਕਾਲੀ ਫੌਜ ਦੇ ਸਿਪਾਹੀ ਗਰਦਾਨੇ ਗਏ।

ਜ਼ੁਲਮ ਦਾ ਟਾਕਰਾ ਕਰਨ ਲਈ ਬਕਾਇਦਾ ਫੌਜ ਤਿਆਰ ਹੋ ਗਈ ਅਤੇ ਜ਼ਾਲਮਾਂ ਨਾਲ ਸਿੱਧੀ ਟੱਕਰ ਹੋਣ ਲੱਗ ਪਈ। ਗੁਰੂ ਜੀ ਅਕਾਲੀ ਫੌਜ ਦੀ ਜਰਨੈਲੀ ਕਰਦੇ ਰਹੇ। ਰਾਜਾਨੇ ਰਾਜਾ (ਅਕਾਲ ਪੁਰਖ) ਦੇ ਹੁਕਮਾਂ ਦੀ ਤਾਮੀਲ ਕਰਦੇ ਰਹੇ। ਵਾਹਿਗੁਰੂ ਦੀ ਫਤਹਿ ਗਜਾਉਂਦੇ ਰਹੇ। ਗੁਰੂ ਹੁੰਦੇ ਹੋਏ ਭੀ ਆਪਣੇ ਆਪ ਨੂੰ ਅਕਾਲੀ ਫੌਜ ਦਾ ਸਿਪਾਹੀ ਹੀ ਸਮਝਦੇ ਰਹੇ। ਹੈਂਕੜ ਵਿਚ ਨਹੀਂ ਆਏ। ਪੰਚ ਪਰਵਾਨਾਂ ਨੂੰ ਆਪਣਾ ਗੁਰੂ ਸਮਝਕੇ ਉਨ੍ਹਾਂ ਦੇ ਹੁਕਮ ਅੱਗੇ ਸਿਰ ਝੁਕਾਂਦੇ ਰਹੇ। ਜਦੋਂ ਅਨੰਦਪੁਰ ਦੁਆਲੇ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਬਹੁਤ ਦੇਰ ਘੇਰਾ ਪਾਈ ਰੱਖਿਆ ਅਤੇ ਕਿਲੇ ਅੰਦਰ ਸਿੰਘਾਂ ਕੋਲ ਰਸਦ ਪਾਣੀ ਮੁਕ ਗਿਆ ਤਾਂ ਪੰਚ ਪਰਵਾਨਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਹੁਕਮ ਦੇ ਦਿਤਾ। ਪਹਿਲੋਂ ਗੁਰੂ ਜੀ ਇਕੱਲੇ ਦੁਕੱਲੇ ਸਿੰਘ ਦੀ ਇਸੇ ਪ੍ਰਕਾਰ ਦੀ ਬੇਨਤੀ ਨੂੰ ਅਪਰਵਾਨ ਕਰਦੇ ਰਹੇ। ਪਰ ਜਦੋਂ ਪੰਚ ਪ੍ਰਵਾਣਾਂ ਨੇ ਕਿਲ੍ਹਾ ਛੱਡਣ ਲਈ ਹੁਕਮ ਦਿਤਾ ਤਾਂ ਉਸ ਅੱਗੇ ਸਿਰ ਝੁਕਾ ਦਿਤਾ। ਆਪਣੇ ਆਪ ਨੂੰ ਪੰਚ ਪਰਵਾਨਾਂ ਦਾ ਸ਼ਿਸ਼ ਸਮਝਕੇ ਕਿਲ੍ਹਾ ਖਾਲੀ ਕਰਨ ਤੇ ਰਾਜੀ ਹੋ ਗਏ।

ਚਮਕੌਰ ਦੀ ਗੜ੍ਹੀ ਵਿਚ ਜਦੋਂ ਕੁਝ ਗਿਣਤੀ ਦੇ ਹੀ ਸਿੰਘ ਬਾਕੀ ਰਹਿ ਗਏ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਗੜ੍ਹੀ ਵਿਚੋਂ ਜਾਨ ਬਚਾ ਕੇ ਨਿਕਲ ਜਾਣ ਲਈ ਕਿਹਾ ਪਰ ਗੁਰੂ ਜੀ ਨਾ ਮੰਨੇ। ਜਦੋਂ ਪੰਜ ਸਿੰਘਾਂ ਨੇ ਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡਣ ਵਾਸਤੇ ਹੁਕਮ ਦਿਤਾ ਤਾਂ ਗੁਰੂ ਜੀ ਨੇ ਸਤਿ ਕਰ ਕੇ ਮੰਨ ਲਿਆ, ਇਹ ਸੀ ਆਪੇ ਗੁਰੁ ਚੇਲੇ ਵਾਲੀ ਸਪਿਰਟ, ਜਿਸ ਦੇ ਗੁਰੂ ਜੀ ਨੇ ਪੂਰਨੇ ਪਾਏ। ਦੁਨੀਆਂ ਦੇ ਇਤਿਹਾਸ ਵਿਚ ਅਜੇਹੀ ਕੋਈ ਮਿਸਾਲ ਨਹੀਂ ਮਿਲਦੀ ਜਿਸ ਵਿਚ ਕਿ ਗੁਰੂ ਚੇਲਾ ਭੀ ਹੋਵੇ ਅਤੇ ਚੇਲੇ ਗੁਰੂ ਭੀ ਹੋਵਣ, ਧੰਨ ਗੁਰੂ ਗੋਬਿੰਦ ਸਿੰਘ...! ਧੰਨ ਗੁਰੂ ਗੋਬਿੰਦ ਸਿੰਘ...! ਧੰਨ ਗੁਰੂ ਗੋਬਿੰਦ ਸਿੰਘ ਜੀ...!

ਗੁਰੂ ਗੋਬਿੰਦ ਸਿੰਘ ਪ੍ਰਗਟਿਓ ਦਸਵਾ ਅਵਤਾਰਾ।
ਜਿਨ ਅਲਖ ਅਕਾਲ ਨਿਰੰਜਨਾ, ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ, ਧਰ ਤੇਜ ਕਰਾਰਾ।



www.AKJ.Org

ਸਿਰ ਕੇਸ ਧਰਿ, ਕਰ ਖੜਗ ਕੋ,ਸਭ ਦੁਸ਼ਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ, ਪਕੜਿਓ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਤ ਅਰਿਨਿ ਕੋ ਘੇਰ ਕਰਿ ਕੀਜੈ ਪਰਿਹਾਰਾ।
ਜਬ ਸਹਿਜੈ ਪ੍ਰਗਟਿਓ ਜਗਤ ਮੈ ਗੁਰੁ ਜਾਪ ਅਪਾਰਾ।
ਯੋਂ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ।
ਤੁਰਕ ਦੁਸ਼ਟ ਸਭ ਛੈ ਕੀਏ, ਹਰਿਨਾਮ ਉਚਾਰਾ।
ਤਿਨ ਆਗੇ ਕੋਇ ਨ ਠਹਿਰਿਓ, ਭਾਗੇ ਸਿਰਦਾਰਾ।
ਜਹ ਰਾਜੇ ਸ਼ਾਹ ਅਮੀਰੜੇ, ਹੋਇ ਸਭ ਛਾਰਾ।
ਫਿਰ ਸੁਣ ਕਰਿ ਐਸੀ ਧਮਕ ਕੋ, ਕਾਂਪੇ ਗਿਰਿ ਭਾਰਾ।
ਤਬ ਸਭ ਧਰਤੀ ਹਲ ਚਲ ਭਈ,ਛਾਡੇ ਘਰ ਬਾਰਾ।
ਇਉਂ ਐਸੇ ਦੁੰਦ ਕਲੇਸ਼ ਮੈ, ਖਪਿਓ ਸੰਸਾਰਾ।
ਤਹਿ ਬਿਨ ਸਤਿਗੁਰ ਕੋ ਹੈ ਨਾਹੀਂ,ਭੈ ਕਾਟਨਹਾਰਾ।
ਗਹਿ ਐਸੇ ਖੜਗ ਦਿਖਾਇਨ, ਕੋ ਸਕੈ ਨਾ ਝੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਭਾਈ ਗੁਰਦਾਸ (ਦੂਜਾ) ਵਾਰ ੪੧, ਪਾਉੜੀ ੧੫)

ਗੁਰੂ ਜੀ ਨੇ ਅਕਾਲ ਪੁਰਖ ਜੀ ਵਲੋਂ ਲੱਗੀ ਡਿਊਟੀ ਖੂਬ ਨਿਭਾਈ। ਖੂਬ ਨਿਭਾਈ ! ਖਾਲਸਾ ਪੰਥ ਚਲਾਇਆ, ਦੁਸ਼ਟ ਦੋਖੀਅਨ ਪਕੜ ਪਛਾੜੇ, ਖੜਗ (ਕਿਰਪਾਨ) ਐਸੀ ਵਾਹੀ ਕਿ ਕੋਈ ਤਾਬ ਨਾ ਲਾ ਸਕਿਆ, ਗਹਿ ਐਸੇ ਖੜਗ ਦਿਖਾਇਅਨ, ਕੋ ਸਕੈ ਨਾ ਝੇਲਾ, ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ...! ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ...! ਆਪੇ ਗੁਰ ਚੇਲਾ...! ਵਾਹ ਵਾਹ ਗੋਬਿੰਦ ਸਿੰਘ...! ਵਾਹ ਵਾਹ ਗੋਬਿੰਦ ਸਿੰਘ...!

## ਜ਼ਰੂਰੀ ਸੂਚਨਾ

ਜਲੰਧਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਪੁਰਬ ਵਿਚ ਰੈਣ-ਸੁਬਾਈ ਦੇ ਭੋਗ ਤੋਂ ਬਾਅਦ ਲੰਗਰ ਸਾਹਿਬ ਵਿਚ ਇਕ ਕਿਤਾਬ (ਜਪੁ-ਨਿਰਣਯ ਰਚਿਤ ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ) ਜੋ ਕਿ ਇਕ ਲਿਫਾਫੇ ਵਿਚ ਸੀ ਗੁੰਮ ਹੋ ਗਈ ਹੈ। ਜਿਸ ਦੀ ਕੁਝ ਸੁਧਾਈ ਵੀ ਕੀਤੀ ਹੋਈ ਹੈ। ਜਿਸ ਸੱਜਣ ਨੂੰ ਮਿਲੀ ਹੋਵੇ ਉਹ ਮਿਹਰਬਾਨੀ ਕਰ ਕੇ ਦਫ਼ਤ੍ਰ "ਸੂਰਾ" 305 L ਮਾਡਲ ਟਾਊਨ ਜਲੰਧਰ ਵਿਚ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

—ਮੈਨੇਜਰ ਸੂਰਾ



www.AKJ.Org

# ਗੁਰਸਿੱਖੀ ਦੀਆਂ ਝਲਕਾਂ

## (ਨਾਰੰਗਵਾਲ ਵਿਚ ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼ ਉਤਸਵ ਤੇ ਪੁਰਬ ਉਤੇ ਅੱਖੀਂ ਡਿੱਠੇ ਗੁਰਮਤਿ ਸਮਾਗਮਾਂ ਦਾ ਅਦਭੁੱਤ ਦ੍ਰਿਸ਼ ਤੇ ਉਸਦਾ ਪ੍ਰਤੀਕਰਮ)

ਲੇਖਕ—ਗਿਆਨੀ ਹਰਬੰਸ ਸਿੰਘ ਜੀ, 'ਕਰਤਾ ਜਪ ਨਿਰਣਯ'

ਜਹ ਝਿਲਿ ਮਿਲਿ ਕਾਰੁ ਦਿਸੰਤਾ ॥
ਤਹ ਅਨਹਦ ਸਬਦ ਬਜੰਤਾ ॥
(ਪੰ: ੬੫੭)

'ਸੰਤ ਗਾਥਾ' ਪੜ੍ਹ ਚੇ ਅੱਖਾਂ ਸਜਲ ਹੀ ਰਹਿੰਦੀਆਂ ਸਨ । ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦੇ ਪਿਆਰ, ਸਤਿਕਾਰ ਅਤੇ ਵੀਚਾਰ ਨੇ ਹਿਰਦੇ ਅੰਦਰ ਨਾਮ ਸਿਮਰਨ ਦੀਆਂ ਰਸ-ਭਿੰਨੀਆਂ ਝਰਨਾਟਾਂ ਛੇੜ ਦਿਤੀਆਂ ਸਨ । ਤੀਬਰ ਵੈਰਾਗ ਦਾ ਸਦਕਾ ਹਿਰਦੇ ਅੰਦਰ ਇਕ ਸਿਕ ਤੇ ਲੋਚ ਲਗੀ ਰਹਿੰਦੀ ਸੀ ਕਿ ਕੋਈ ਅਜਿਹਾ ਸੰਤ ਮਿਲੇ ਜਿਹੜਾ ਮੇਰੇ ਪ੍ਰੀਤਮ ਦੇ ਹੱਸ ਰੱਸ ਕੇ ਗੁਣ ਗਾਏ ਤੇ ਸੁਣਾਏ । ਮੈਨੂੰ ਮੇਰੇ ਮਾਹੀ ਦੀ ਦਸ ਪਾਵੇ ।

ਕੋਈ ਸਜਣੁ ਸੰਤੁ ਮਿਲੈ ਵਡਭਾਗੀ,
ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥
(ਪੰ: ੯੪)

ਅਖਾਉਤੀ ਸੰਤ ਤਾਂ ਕਈ ਵੇਖੇ ਸਨ, ਜਿਹੜੇ ਜਿੰਨਾਂ ਭੂਤਾਂ ਦੇ ਕਿਸੇ ਕਹਾਣੀਆਂ, ਰਿੱਧੀ ਸਿੱਧੀ ਦੀ ਚੇਟਕ ਅਤੇ ਹੋਰ ਵਾਧੂ ਗਪਾਂ-ਸ਼ਪਾਂ ਨਾਲ ਦਿਲ ਪਰਚਾਵੇ ਦੀਆਂ ਜੁਗਤੀਆਂ ਜਾਣਦੇ ਸਨ ਪਰ ਉਨ੍ਹਾਂ ਨੂੰ ਆਤਮ-ਰਸ ਬਾਰੇ ਸੋਝੀ ਨਹੀਂ ਸੀ । ਕਈ ਸਾਧੂਆਂ ਨਾਲ ਛੋਟੀ ਉਮਰ ਵਿਚ ਜਦੋਂ ਪਰਮਾਤਮਾਂ ਮੇਲ ਦੀ ਵਾਰਤਾ-ਲਾਪ ਛਿੜਦੀ ਸੀ ਤਾਂ ਉਹ ਕਈ ਮੰਤਰਾਂ ਦੀਆਂ ਸ਼ਕਤੀਆਂ ਦੇ ਲਾਰੇ ਲਾ ਕੇ ਆਪਣੇ 'ਅਧੀਨ ਕਰਨ ਦੀ ਕੋਸ਼ਸ਼ ਕਰਦੇ ਸਨ ਪਰ ਜਿਸ ਹਿਰਦੇ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ (ਸ਼ਬਦ ਗੁਰੂ) ਦਾ ਐਨਾ ਸਿਦਕ ਤੇ ਭਰੋਸਾ ਘਰ ਕਰ ਚੁਕਾ ਹੋਵੇ, ਉਸ ਨੂੰ ਪਖੰਡ ਜਾਲ ਵਿਚ ਫਸਾਉਣਾ ਸੌਖਾ ਕੰਮ ਨਹੀਂ ਸੀ । ਇਸ ਲਈ ਕਈ ਪ੍ਰਕਾਰ ਦੀਆਂ ਵੀਚਾਰਾਂ ਤੋਂ ਉਪਰੰਤ ਉਨ੍ਹਾਂ ਨੂੰ ਅਕ ਕੇ ਇਹੋ ਆਖਣਾ ਪੈਂਦਾ ਸੀ "ਜਾਓ ਜੀ, ਸਾਡਾ ਖਹਿੜਾ ਛਡੋ, ਆਪਣਾ ਕੰਮ ਕਰੋ ।"

( ੨ )

੧੯੪੭ ਦੇ ਮਹਾਨ ਘਲੂਘਾਰੇ (ਦੇਸ਼ ਬਟਵਾਰੇ) ਤੋਂ ਕੁਝ ਮਹੀਨੇ ਪਹਿਲਾਂ ਦਾਸ ਸੂਬਾ ਸਰਹਦ ਦੇ ਸ਼ਰੋਮਣੀ ਇਤਿਸਾਸਕ ਗੁਰਦੁਆਰਾ ਭਾਈ ਜੋਗਾ ਸਿੰਘ ਜੀ (ਪਿਸ਼ਾਵਰ) ਦੇ ਪਵਿੱਤਰ ਅਸਥਾਨ ਤੇ ਮੀਤ ਮੈਨੇਜਰ ਦੀ ਸੇਵਾ ਕਰ ਚੁਕਾ ਸੀ । ਉਥੇ ਕਈ ਤਰ੍ਹਾਂ ਦੇ ਰਾਗੀ ਸਿੰਘਾਂ ਤੇ ਪ੍ਰਚਾਰਕਾਂ ਨਾਲ ਮੇਲ ਮਿਲਾਪ ਹੋ ਚੁਕਾ ਸੀ । ਉਸ ਤੋਂ ਪਹਿਲਾਂ ਰਾਵਲਪਿੰਡੀ ਤੇ ਹਜ਼ਾਰੇ ਦੇ ਪਰਗਣੇ ਵਿਚ ਆਪਣੇ ਕਾਰ-ਵਿਹਾਰ ਦੇ ਸਿਲਸਿਲੇ ਵਿਚ ਵੀ ਕਈ ਵਾਰ ਫੇਰਾ-ਟੋਰਾ ਬਣਿਆ ਹੀ ਰਹਿੰਦਾ ਸੀ । ਇਸ ਲਈ ਬਹੁਤੇ ਗੁਰੂ ਘਰ ਦੇ ਸ਼ਰਧਾਲੂਆਂ ਨਾਲ ਸਾਂਝ ਪੈ



www.AKJ.Org

ਚੁਕੀ ਸੀ। ਸੋ ਦੇਸ਼ ਦੀ ਵੰਡ ਕਾਰਨ ਦਾਸ ਨੂੰ ਆਪਣੀ ਪਿਆਰੀ ਜਨਮ ਭੂਮੀ (ਪਿੰਡ ਹਾਸਲ, ਜ਼ਿਲਾ ਜਿਹਲਮ) ਛਡਣੀ ਪਈ ਅਤੇ ਪਟਿਆਲਾ ਸ਼ਹਿਰ ਦਾ ਵਾਸੀ ਬਣਨਾ ਪਿਆ। ਇਥੇ ਗੁਰਦੇਵ ਜੀ ਦੀ ਬੜੀ ਕਿਰਪਾ ਹੋਈ, ਪੁਰਾਣੇ ਸੰਜੋਗੀਆਂ ਦੇ ਮੇਲੇ ਫਿਰ ਆ ਬਣੇ। ਗੁਰਦੁਆਰਾ ਸਤਿਸੰਗ ਸਭਾ ਮਹਲਾ ਗੁਰੂ ਅੰਗਦਪੁਰਾ, ਪਟਿਆਲਾ ਦੀ ਸਥਾਪਨਾ ਤੋਂ ਉਪਰੰਤ ਸਾਰੇ ਸਤਿਗੁਰੂਆਂ ਦੇ ਪਵਿੱਤਰ ਪੁਰਬ ਬੜੇ ਪਿਆਰ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ। ਹਰ ਹਫ਼ਤੇ ਐਤਵਾਰ ਵਾਲੇ ਦਿਨ ਅੰਮ੍ਰਿਤ ਵੇਲੇ ਠੀਕ ਤਿੰਨ ਵਜੇ ਆਸਾ ਕੀ ਵਾਰ ਦੇ ਰਸ-ਭਿੰਨੜੇ ਕੀਰਤਨ ਅਰੰਭ ਹੋ ਜਾਂਦੇ ਸਨ। ੩ ਵਜੇ ਤੋਂ ੬ ਵਜੇ ਤੀਕ ਕੀਰਤਨ, ੬ ਤੋਂ ੬-੩੦ ਵਜੇ ਤਕ ਸ਼ੁਧ ਪਾਠ ਦਾ ਅਭਿਆਸ, ੬-੩੦ ਤੋਂ ੭ ਤੀਕ ਗੁਰਬਾਣੀ ਵੀਚਾਰ, ਉਪਰੰਤ ਅਰਦਾਸਾ।

ਇਸ ਰਹੁ ਰੀਤੀ ਨਾਲ ਇਸ ਸਤਿਸੰਗ ਮੰਡਲ ਦੀ ਲੜੀ ਚਲਦੀ ਰਹਿੰਦੀ ਸੀ। ਇਸ ਸਤਿਸੰਗ ਵਿਚ ਪਿਆਰ-ਰੰਗਣ ਵਿਚ ਰੰਗੀਆਂ ਕਈ ਨਾਮ ਸੰਜੋਗੀ ਆਤਮਾਵਾਂ ਦਾ ਮੇਲ ਹੋ ਜਾਂਦਾ ਸੀ। ਇਕ ਵਾਰੀ ਫ਼ੌਜੀ ਵੀਰ ਭਾਈ ਦਲੀਪ ਸਿੰਘ ਜੀ ਨੇ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ ਰਸਦਾਇਕ ਜੀਵਨੀਆਂ ਸੁਣਾਈਆਂ ਅਤੇ ਨਾਲ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਦੇ ਅਖੰਡ ਕੀਰਤਨ ਅਤੇ ਜੇਲ੍ਹ-ਯਾਤਰਾ ਦਾ ਪ੍ਰਸੰਗ ਸੁਣਾਇਆ। ਜਦੋਂ ਉਹ ਭਾਈ ਸਾਹਿਬ ਜੀ ਦੇ ਕੀਰਤਨ-ਹੁਲਾਰਿਆਂ ਅਤੇ ਕਈ ਕਈ ਘੰਟੇ ਅਖੰਡ ਕੀਰਤਨ ਦੇ ਚੌਕੜਿਆਂ ਨੂੰ ਵਰਨਣ ਕਰਦੇ ਸਨ ਤਾਂ ਉਨ੍ਹਾਂ ਦੇ ਆਪਣੇ ਨੇਤਰ ਕਿਸੇ ਅਲੌਕਿਕ ਪਿਆਰ ਵਿਚ ਮੁੰਦੇ ਜਾਂਦੇ ਸਨ। ਇਕ ਵਾਰੀ ਭਾਈ ਦਲੀਪ ਸਿੰਘ ਜੀ ਨੇ ਆਪਣੇ ਇਕ ਫ਼ੌਜੀ ਅਫ਼ਸਰ ਦਾ ਹਾਲ ਸੁਣਾਇਆ ਜਿਸ ਉਤੇ ਭਾਈ ਸਾਹਿਬ ਜੀ ਦੇ ਜੀਵਨ ਦਾ ਐਨਾ ਭਾਰੀ ਪ੍ਰਭਾਵ ਪਿਆ ਜਿਹੜਾ ਵਿਸ਼ੇਸ਼ ਕਰਕੇ ਵਰਨਣ ਯੋਗ ਹੈ।

ਇਕ ਫ਼ੌਜੀ ਅਫ਼ਸਰ ਸੰਗਰੂਰ ਦਾ ਰਹਿਣ ਵਾਲਾ ਸੀ। ਉਸ ਦੀ ਸੰਗਤ ਕਈ ਨਾਸਤਕਾਂ ਨਾਲ ਸੀ, ਜਿਸ ਕਰਕੇ ਉਹ ਗੁਰੂ ਘਰ ਵਲੋਂ ਅਸ਼ਰਧਕ ਹੋ ਰਿਹਾ ਸੀ। ਉਹ ਵੀ ਸਭ ਸੰਤਾਂ ਸਾਧੂਆਂ ਨੂੰ ਪਖੰਡੀ ਹੀ ਸਮਝਦਾ ਸੀ। ਉਸ ਨੂੰ ਸੁਭਾਵਕ ਹੀ ਭਾਈ ਦਲੀਪ ਸਿੰਘ ਵਰਗੇ ਫ਼ੌਜੀ ਨੇ ਭਾਈ ਸਾਹਿਬ ਦਾ ਜ਼ਿਕਰ ਕੀਤਾ ਅਤੇ ਉਸ ਸ਼ੁਭ ਪ੍ਰੇਰਨਾ ਦਾ ਸਦਕਾ ਉਹ ਪੋਹ ਸੁਦੀ ਸਤਮੀ ਵਾਲੇ ਗੁਰਪੁਰਬ ਤੇ ਨਾਰੰਗਵਾਲ ਗਿਆ। ਜੋ ਨਜ਼ਾਰਾ ਉਸ ਨੇ ਆਪਣੀ ਅੱਖੀਂ ਡਿਠਾ, ਉਸ ਦੇ ਕਥਨ ਅਨੁਸਾਰ ਜੋ ਨਿਰਾਲੀ ਸ਼ਾਨ ਉਥੇ ਗੁਰਮਤਿ ਦਰਬਾਰ ਦੀ ਵੇਖੀ, ਉਹ ਸ਼ਾਇਦ ਹੀ ਕਿਤੇ ਹੋਵੇ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਕਲਗੀਧਰ ਪਾਤਸ਼ਾਹ ਪਰਤੱਖ ਆਪਣੇ ਸਿੰਘਾਸਣ ਤੇ ਬਿਰਾਜਮਾਨ ਹੋ ਕੇ ਸਸ਼ੋਭਤ ਹੋ ਰਹੇ ਸਨ। ਭਾਈ ਸਾਹਿਬ ਗੁਰੂ ਸਾਹਿਬ ਅਗੇ ਰਸ-ਭਿੰਨੜਾ ਕੀਰਤਨ ਕਰ ਰਹੇ ਸਨ ਤੇ ਬਾਕੀ ਸਭ ਸੰਗਤਾਂ ਉਸ ਅਨੰਦਮਈ ਰਸ ਵਿਚ ਮਗਨ ਹੋ ਕੇ ਝੂਮ ਰਹੀਆਂ ਸਨ। ਉਸ ਉਤੇ ਜੋ ਗੁਰਸਿਖੀ ਦੀਆਂ ਝਲਕਾਂ ਨੇ ਅਸਰ ਕੀਤਾ, ਉਸ ਨਾਲ ਉਸ ਦੇ ਜੀਵਨ ਵਿਚ ਭਾਰੀ ਪਲਟਾ ਆ ਗਿਆ। ਉਸ ਦਾ ਮਨ ਜਿਹੜਾ ਗੁਰਸਿਖੀ ਵਲੋਂ ਦੁਰੇਡੇ ਜਾ ਰਿਹਾ ਸੀ, ਮੁੜ ਗੁਰੂ ਦੀ ਸ਼ਰਨ ਵਿਚ ਆ ਗਿਆ।

ਇਸ ਤੋਂ ਮਗਰੋਂ ਦਾਸ ਨੇ ਜੇਲ੍ਹ-ਚਿੱਠੀਆਂ ਪੁਸਤਕ ਪੜ੍ਹੀ। ਉਸ ਦੀ ਨਾਵਲ-ਨੁਮਾ ਲੇਖਣੀ ਪਾਠਕਾਂ ਤੇ ਸੁਤੇ ਸਿਧ ਆਪਣਾ ਪ੍ਰਭਾਵ ਪਾ ਜਾਂਦੀ ਹੈ। ਜਿਉਂ ਜਿਉਂ ਪਾਠਕ ਜੇਹਲ ਦੀਆਂ ਝਾਕੀਆਂ ਤੇ ਭਾਈ ਸਾਹਿਬ ਨਾਲ ਹਡ-ਬੀਤੀਆਂ ਦਾ ਜ਼ਿਕਰ ਪੜ੍ਹਦਾ ਹੈ, ਨਾਲੋਂ ਨਾਲ ਆਪ ਵੀ ਜੇਲ੍ਹ-ਯਾਤਰਾ ਕਰੀ ਫਿਰਦਾ ਹੈ। ਸਚਮੁਚ ਇਹ ਪੁਸਤਕ ਵੈਰਾਗੀ ਰੂਹਾਂ ਉਤੇ ਸੋਨੇ ਤੇ ਸੁਹਾਗੇ ਵਾਲਾ

www.AKJ.Org

ਕੰਮ ਕਰਦੀ ਹੈ। ਏਦਾ ਦੇ ਪ੍ਰਭਾਵਸ਼ਾਲੀ ਵਾਤਾਵਰਨ ਵੇਖਣ ਨੂੰ ਹਰੇਕ ਗੁਰਮੁਖ ਜੀਊੜੇ ਦਾ ਚਿਤ ਕਰਦਾ ਹੈ। ਭਾਈ ਸਾਹਿਬ ਦੇ ਦਰਸ਼ਨਾਂ ਲਈ ਮਨ ਬੜਾ ਉਤਾਵਲਾ ਹੋ ਰਿਹਾ ਸੀ ਪਰ ਜਦੋਂ ਭਾਗ ਜਾਗਣ ਉਦੋਂ ਹੀ ਅਜਿਹੀਆਂ ਮਹਾਨ ਹਸਤੀਆਂ ਦੇ ਦਰਸ਼ਨ ਮੇਲੇ ਹੁੰਦੇ ਹਨ। ਵੈਰਾਗੀ ਮਨ ਨੇ ਅੰਤ ਵਿਚ ਇਹ ਮੱਤਾ ਪਕਾਇਆ ਕਿ ਅਜਿਹੀ ਗੁਰਮੁਖ ਰੂਹ ਦੇ ਦਰਸ਼ਨ ਛੇਤੀ ਤੋਂ ਛੇਤੀ ਕਰਨੇ ਚਾਹੀਦੇ ਹਨ ਕਿਉਂਕਿ ਸੁਆਸਾਂ ਦਾ ਕੀ ਪਤਾ ਹੈ, ਸਾਈਆਂ ਜੀਓ, ਕਿਸ ਵੇਲੇ ਆਪਣਾ ਹਕਾਰਾ ਭੇਜ ਦੇਣ।

(੩)

"ਹਉ ਢਾਢੀ ਵੇਕਾਰੁ ਕਾਰੈ ਲਾਇਆ।"

ਕਲਗੀਧਰ ਪਿਤਾ ਜੀ ਨੇ ਆਪਣੇ ਦਾਸਰੇ ਨੂੰ ਆਪਣੀ ਸਿਫ਼ਤ ਸਲਾਹ ਦੀ ਸਚੀ ਕਾਰ ਤਾਂ ਪਹਿਲਾਂ ਹੀ ਬਖਸ਼ੀ ਹੋਈ ਸੀ। ਜਿਥੇ ਅਤੇ ਜਿਸ ਵੇਲੇ, ਜਿਧਰ ਜਾਣ ਦਾ ਹੁਕਮ ਮਿਲਣਾ, ਉਧਰ ਹੀ ਤੁਰ ਪੈਣਾ। ਗੁਰਮੁਖਾਂ ਦੇ ਦਰਸ਼ਨ ਮੇਲੇ ਹੁੰਦੇ ਰਹਿੰਦੇ ਸਨ ਪਰ ਮਨ ਫਿਰ ਵੀ ਰਜਦਾ ਨਹੀਂ ਸੀ। ਵਡੇ ਭਾਗਾਂ ਨਾਲ ਗੁਰਮੁਖ ਵੀਰ ਭਾਈ ਚਤਰ ਸਿੰਘ ਜੀ ਕੋਹਲੀ ਦਾ ਸੰਜੋਗ ਹੋ ਗਿਆ। ਇਨ੍ਹਾਂ ਉਤੇ ਸਾਈਂ ਵਲੋਂ ਕੀਰਤਨ ਦੀ ਬੜੀ ਰਹਿਮਤ ਸੀ। ਇਕ ਗੁਰਬਾਣੀ ਦੀ ਦਾਤ, ਦੂਜਾ ਗਲਾ ਬੜ ਮਧੁਰ ਤੇ ਸੁਰੀਲਾ ਸੀ। ਗ੍ਰਹਿਸਤੀ ਹੁੰਦੇ ਹੋਇਆਂ ਦਾਨੀ ਬਿਰਤੀ ਰਖਦੇ ਸਨ। ਅੰਮ੍ਰਿਤ ਵੇਲੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਾ ਫਿਰ ਰਾਤ ਨੂੰ ਸੰਗਤੀ ਕੀਰਤਨ ਦੇ ਖੁਲ੍ਹੇ ਭੰਡਾਰੇ ਵਰਤਾਉਣੇ। ਗੁਰਦੁਆਰਾ ਸਤਿਸੰਗ ਸਭਾ ਪਟਿਆਲਾ ਵਿਚ ਦੋਵੇਂ ਵੇਲੇ ਕੀਰਤਨ ਪ੍ਰੋਗਰਾਮਾਂ ਦੀ ਲੜੀ ਨੂੰ ਨੇਪਰੇ ਚਾੜ੍ਹਨਾ ਇਨ੍ਹਾਂ ਦਾ ਹੀ ਉਦਮ ਸੀ। ਇਸ ਗੁਰਮੁਖ ਰੂਹ ਦਾ ਦਾਸਰੇ ਦੇ ਜੀਵਨ ਤੇ ਬੜਾ ਪ੍ਰਭਾਵ ਪਇਆ। ਇਸ ਸਤਿਸੰਗਤ ਦਾ ਸਦਕਾ ਦਾਸ ਨੂੰ ਬਹੁਤ ਬਾਣੀ ਕੰਠਾਗਰ ਹੋਈ। ਹਰ ਰੋਜ਼ ਸੁੰਦਰ ਭਾਵਾਂ ਵਾਲੇ ਸ਼ਬਦ ਪ੍ਰਮਾਣਾਂ ਸਹਿਤ ਕੰਠ ਕਰਨੇ, ਖਾਸ ਕਰਕੇ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਯਾਦ ਕਰਨ ਦਾ ਬੜਾ ਉਤਸ਼ਾਹ ਮਿਲਿਆ ਸੀ। ਇਸ ਸਤਿਸੰਗ ਲੜੀ ਦੇ ਦੋ ਹੋਰ ਗੁਰਮੁਖ ਪਿਆਰੇ ਪ੍ਰੋ: ਬਸੰਤ ਸਿੰਘ ਜੀ ਤੇ ਭਾਈ ਬਿਸ਼ਨ ਜੀ 'ਲਾਸਾਨੀ' ਵੀ ਗੁਰੂ ਦੀ ਸੇਵਾ ਵਿਚ ਜੁਟੇ ਹੀ ਰਹਿੰਦੇ ਸਨ। ਇਕ ਦਿਨ ਚਾਰੇ ਸਜਣ ਦਫਤਰੋਂ ਛੁਟੀ ਹੋਣ ਮਗਰੋਂ ਇਕੱਠੇ ਹੋਏ ਅਤੇ ਇਹ ਵੀਚਾਰ ਕੀਤੀ ਕਿ ਐਤਕੀਂ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸ਼ਵ ਨਾਰੰਗਵਾਲ ਮਨਾਈਏ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕਰੀਏ। ਇਨ੍ਹਾਂ ਦੇ ਦਰਸ਼ਨਾਂ ਦੀ ਖਿੱਚ ਇਸ ਕਰਕੇ ਵਧੇਰੇ ਸੀ ਕਿਉਂਕਿ ਇਹ ਆਪਣੇ ਆਪ ਨੂੰ 'ਸੰਤ' ਨਹੀਂ ਕਹਾਉਂਦੇ, 'ਭਾਈ' ਸਦਾਉਣ ਵਿਚ ਵਡਿਆਈ ਸਮਝਦੇ ਸਨ। ਇਕ ਗੁਰਸਿਖ ਦਾ ਗੁਰਮਤਿ ਵਿਚ ਐਨਾ ਦ੍ਰਿੜ੍ਹ ਹੋਣਾ ਮਨ ਨੂੰ ਟੁੰਬਦਾ ਸੀ। ਇਸ ਲਈ ਪਰਸਪਰ ਵਿਚਾਰ ਮਗਰੋਂ ਨਾਰੰਗਵਾਲ ਜਾਣ ਦਾ ਪ੍ਰੋਗਰਾਮ ਨਜਿੱਠ ਲਿਆ।

ਦਿਨਾਂ ਦੀ ਉਡੀਕ ਪਿਛੋਂ ਉਹ ਸੁਭਾਗ ਦਿਨ ਨੇੜੇ ਆਉਣ ਲਗਾ, ਜਿਸ ਦਿਨ ਸੱਚ ਦੇ ਚੰਦ੍ਰਮੇ, ਮਰਦ ਅਗੰਮੜੇ ਦਾ ਉਸ ਪਟਨੇ ਦੀ ਧਰਤੀ ਹੀ ਨਹੀਂ, ਸਾਰੀ ਤ੍ਰਿਲੋਕੀ ਵਿਚ ਪ੍ਰਕਾਸ ਹੋਇਆ ਸੀ। ਦਾਸਰੇ ਨੇ ਆਪਣੇ ਸਾਥੀਆਂ ਨੂੰ ਮੁੜ ਨਾਰੰਗਵਾਲ ਜਾਣ ਦੀ ਚਿਤਾਵਨੀ ਕਰਾਈ। ਉਨ੍ਹਾਂ ਵੀਰਾਂ ਨੇ ਬੜੇ ਪਿਆਰ ਨਾਲ ਉੱਤਰ ਦਿਤਾ, "ਜੀ ਹਾਂ, ਅਸੀਂ ਤਿਆਰ ਹਾਂ ਜ਼ਰੂਰ ਚਲਾਂਗੇ।"

ਦਾਸਰੇ ਨੇ ਆਪਣੇ ਘਰ ਗੁਰੂ ਚਰਨਾਂ ਵਿਚ ਅਰਦਾਸਾ ਸੋਧਿਆ ਤੇ ਨਾਰੰਗਵਾਲ ਲਈ ਚਾਲੇ ਪਾ ਦਿਤੇ। ਪ੍ਰੋਫ਼ੈਸਰ ਜੀ ਦਾ ਘਰ ਰਸਤੇ ਵਿਚ ਸੀ। ਉਨ੍ਹਾਂ


www.AKJ.Org

ਨੂੰ ਜਦੋਂ ਆਵਾਜ਼ ਦਿਤੀ ਤਾਂ ਅਗੋਂ ਉੱਤਰ ਮਿਲਿਆ, "ਜੀ, ਤੁਹਾਡੇ ਵਲ ਜਾਣਾ ਤਾਂ ਜ਼ਰੂਰ ਸੀ, ਪਰ ਸਰੀਰ ਵਿਚ ਕੁਝ ਦਰਦ ਜਹੇ ਹਨ। ਸਰਦੀ ਦਾ ਮੌਸਮ ਹੈ। ਹੁਣ ਤੁਸੀਂ ਆਪ ਹੀ ਸਮਝ ਲਉ ਕਿ ਮੈਂ ਕਿਵੇਂ ਜਾ ਸਕਦਾ ਹਾਂ ?" ਉਥੋਂ ਸਿੱਧਾ ਹੀ ਲਾਸਾਨੀ ਜੀ ਦੇ ਦਰਵਾਜ਼ੇ ਨੂੰ ਜਾ ਖੜਕਾਇਆ। ਅਗੋਂ ਬੋਲੇ ਕੀ ਗਲ ਹੈ ? ਦਾਸਰੇ ਨੇ ਕਿਹਾ ਛੇਤੀ ਕਰੋ, ਨਾਰੰਗਵਾਲ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਜਾਣਾ ਹੈ ।" ਲਾਸਾਨੀ ਜੀ ਨੇ ਕਿਹਾ "ਗਿਆਨੀ ਜੀ, ਮੇਰਾ ਚਿਤ ਤਾਂ ਬੜਾ ਕਰਦਾ ਹੈ ਪਰ ਮੇਰੇ ਸਾਲੇ ਦੇ ਮੁਕੱਦਮੇ ਦੀ ਕਲ ਤਰੀਕ ਹੈ, ਮੇਰਾ ਉਥੇ ਜਾਣਾ ਜ਼ਰੂਰੀ ਹੈ। ਇਸ ਲਈ ਖਿਮਾ ਮੰਗਦਾ ਹਾਂ।" ਭਾਈ ਚਤਰ ਸਿੰਘ ਜੀ ਨੇ ਤਾਂ ਪਹਿਲਾਂ ਹੀ ਦਰਸ਼ਨ ਕੀਤੇ ਹੋਏ ਸਨ, ਇਸ ਲਈ ਉਹ ਵੀ ਜਾਣ ਲਈ ਤਿਆਰ ਨਾ ਹੋਏ। ਦਾਸਰੇ ਉਤੇ ਭਾਈ ਸਾਹਿਬ ਦੀਆਂ ਜੀਵਨ-ਘਾਲਾਂ ਸੁਣ ਕੇ ਬੜਾ ਪ੍ਰਭਾਵ ਪੈ ਚੁਕਾ ਸੀ। ਗੁਰਮਤਿ ਵਿਚ ਦ੍ਰਿੜ੍ਹ ਹੋਣਾ, ਨਾਮ ਅਭਿਆਸ ਕਮਾਈ ਦਾ ਅਖੰਡ ਖੰਡਾ ਖੜਕਾਉਣਾ. ਅੰਗਰੇਜ਼ੀ ਰਾਜ ਵਿਚ ਜੇਲ੍ਹਾਂ ਅੰਦਰ ਰਹਿ ਕੇ ਆਪਣੇ ਨੇਮ ਨੂੰ ਨਿਭਾਉਣਾ, ਇਹ ਆਪ ਦੇ ਜੀਵਨ ਦੇ ਬੜੇ ਉਜਾਗਰ ਪਖ ਸਨ। ਦਾਸ ਦਾ ਮਨ ਦਰਸ਼ਨ ਲਈ ਅਡੋਲ ਰਿਹਾ ਕਿਉਂਕਿ 'ਅਰਦਾਸਾ' ਕਰ ਚੁਕਾ ਸਾਂ ਅਤੇ ਉਨ੍ਹਾਂ ਦਿਨਾਂ ਵਿਚ "ਗੁਰ ਮੇਰੈ ਸੰਗਿ ਸਦਾ ਹੈ ਨਾਲੇ" ਦਾ ਅਭਿਆਸ ਪਕਾ ਰਿਹਾ ਸਾਂ। ਭਾਈ ਬਿਸ਼ਨ ਸਿੰਘ ਜੀ ਲਾਸਾਨੀ ਪਹਿਰ ਰਾਤ ਰਹਿੰਦੀ ਉਠਣ ਦੇ ਆਦੀ ਸਨ ਕਿਉਂਕਿ ਐਤਵਾਰ ਵਾਲੇ ਦਿਨ ਸਤਿਸੰਗੀਆਂ ਨੂੰ ਜਗਾਉਣ ਦੀ ਸ਼ੇਵਾ ਉਹੋ ਕਰਦੇ ਸਨ। ਸੋ ਉਹ ਪਟਿਆਲਾ ਰੇਲਵੇ ਸਟੇਸ਼ਨ ਤੇ ਦਾਸਰੇ ਨੂੰ ਵਿਦਾ ਕਰ ਗਏ। ਦਾਸਰੇ ਨੂੰ ਓਦੋਂ ਨਾਰੰਗਵਾਲ ਪਿੰਡ ਦਾ ਪਤਾ ਨਹੀਂ ਸੀ ਕਿ ਕਿਥੋਂ ਗੱਡੀ ਬਦਲਣੀ ਹੈ ਤੇ ਪਿੰਡ ਨੂੰ 'ਕਿਹੜਾ ਰਸਤਾ ਜਾਂਦਾ ਹੈ। ਪਰ ਦਰਸ਼ਨ-ਪਿਆਸੀ ਸੁਰਤਿ, ਦਿਲ ਨੂੰ ਧੀਰਜ ਬੰਨ੍ਹਾਉਂਦੀ ਰਹੀ। ਸੁਭਾਵਕ ਹੀ ਸਟੇਸ਼ਨ ਤੇ ਬੈਠੇ ਇਕ ਬਿਰਧ ਬਾਬੇ ਨੂੰ ਜਿਸ ਨੇ ਨੀਲੇ ਰੰਗ ਦਾ ਦਸਤਾਰਾ ਸਜਾਇਆ ਹੋਇਆ ਸੀ, ਨੇੜੇ ਹੋ ਕੇ ਨਾਰੰਗਵਾਲ ਪਿੰਡ ਬਾਰੇ ਪੁਛਿਆ। ਉਸ ਨੇ ਸਾਰਾ ਰਸਤਾ ਸਮਝਾ ਦਿਤਾ। ਰਾਤ ੧੨ ਵਜੇ ਵਾਲੀ ਗੱਡੀ ਤੇ ਦਾਸਰਾ ਗੁਰੂ ਦੇ ਆਸਰੇ ਤੇ ਟੁਰ ਪਿਆ ਅਤੇ ਭਾਈ ਬਿਸ਼ਨ ਸਿੰਘ ਜੀ ਫ਼ਤਹ ਗਜਾ ਕੇ ਘਰ ਨੂੰ ਮੁੜ ਗਏ।

(੪)

ਧੂਰੀ ਤੋਂ ਦੂਜੀ ਗਡੀ ਤੇ ਬੈਠੇ। ਸਵੇਰ ਨੂੰ ਅਜੇ ਨਿਮ੍ਹਾਂ ਨਿਮ੍ਹਾਂ ਚਾਨਣਾ ਸੀ ਕਿ ਗਡੀ ਕਿਲ੍ਹਾ ਰਾਇਪੁਰ ਦੇ ਸਟੇਸ਼ਨ ਤੇ ਜਾ ਖੜੀ ਹੋਈ। ਹੁਣ ਉਹ ਬਾਬਾ ਜੀ ਤਾਂ ਨਜ਼ਰੀ ਨਾ ਪਏ ਪਰ ਇਕ ਨੌਜਵਾਨ ਸਕੂਲ ਦਾ ਵਿਦਿਆਰਥੀ ਉਸ ਡਬੇ ਵਿਚੋਂ ਉਥੇ ਉਤਰਿਆ। ਦਾਸ ਨੂੰ ਪਤਾ ਲਗ ਗਿਆ ਕਿ ਇਥੇ ਹੀ ਉਤਰਨਾ ਹੈ। ਦਾਸਰਾ ਇਸ ਇਲਾਕੇ ਦਾ ਜਾਣੂੰ ਨਹੀਂ ਸੀ ਇਕ ਰਾਹੀ ਪਾਸੋਂ ਪੁਛਿਆ ਕਿ ਨਾਰੰਗਵਾਲ ਜਾਣ ਲਈ ਇਥੋਂ ਕੋਈ ਰਿਕਸ਼ਾ ਜਾਂ ਬਸ ਮਿਲਦੀ ਹੈ ਕਿ ਨਹੀਂ ? ਸਰਦਾਰ ਜੀ ! ਇਥੋਂ ੪ ਕੁ ਮੀਲ ਦੀ ਵਾਟ ਤੇ ਨਾਰੰਗ-ਵਾਲ ਹੈ, ਗਡੇ ਤਾਂ ਜਾਂਦੇ ਹਨ ਪਰ ਟਾਂਗਾ ਰਕਸ਼ਾ ਜਾਂ ਬਸਾਂ ਨਹੀਂ ਜਾਂਦੀਆਂ। ਉਸ ਵੀਰ ਨੇ ਇਹ ਦਸਿਆ। ਕੋਲ ਹੀ ਇਕ ਗਡੇ ਵਾਲਾ ਖੜਾ ਸੀ ਦਾਸਰੇ ਨੇ ਉਸ ਤੋਂ ਪੈਸੇ ਪੁਛੇ ਕਿ ਨਾਰੰਗਵਾਲ ਦੇ ਕਿਤਨੇ ਪੈਸੇ ਲਵੋਂਗੇ ਤਾਂ ਉਸਨੇ ਦੋ ਰੁਪਏ ਮੰਗੇ। ਪਰ ਨੇੜੇ ਖੜੇ ਇਕ ਸਜਣ ਨੇ ਆਖਿਆ "ਸਰਦਾਰ ਜੀ ! ਨਾਰੰਗਵਾਲ ਆਹ ਖੜਾ ਹੈ, ਦੋ ਰੁਪਏ ਕਿਉਂ ਖਾਹ ਮੁਖਾਹ ਖਰਚ ਕਰਦੇ ਹੋ, ਤੁਹਾਡੇ ਕੋਲ ਕਿਹੜਾ ਸਮਾਨ ਹੈ ਤੁਸੀਂ ਛੇਤੀ ਹੀ ਪੁਜ ਜਾਉਗੇ, ਨੇੜੇ ਦੀ ਵਾਟ ਹੈ।" ਦਾਸ ਪਾਸ ਇਕ ਕਮਲ ਤੇ ਇਕ ਥੈਲਾ ਹੱਥ ਵਿਚ ਫੜੇ ਤੇ ਨਾਰੰਗਵਾਲ ਦੀ ਡੰਡੀ



www.AKJ.Org

ਪਕੜ ਲਈ । ਪਿੰਡੋਂ ਬਾਹਰ ਨਿਕਲਿਆ ਹੀ ਸਾਂ ਕਿ ਚਾਰ ਪੰਜ ਸਿੰਘਾਂ ਦਾ ਇਕ ਜਥਾ ਮਿਲ ਪਿਆ । ਉਹਨਾਂ ਦਾ ਪਹਿਰਾਵਾ ਬੜਾ ਸੁੰਦਰ ਸੀ । ਉਹਨਾਂ ਨੇ ਚੂੜੀਦਾਰ ਪਜਾਮੇ, ਗਲਾਂ ਵਿਚ ਗਾਤਰਿਆਂ ਵਾਲੀਆਂ ਕਿਰਪਾਨਾਂ ਗੋਰੇ ਰੰਗਾਂ ਤੇ ਬੜੀਆਂ ਸੋਹਣੀਆਂ ਫਬਦੀਆਂ ਸਨ । ਉਹਨਾਂ ਦੇ ਚਿਹਰਿਆਂ ਤੇ ਗੂੜ੍ਹੀਆਂ ਲਾਲੀਆਂ ਕਿਸੇ ਅਗੰਮੀ ਪਿਆਰ ਨੂੰ ਪਰਗਟ ਕਰਦੀਆਂ ਸਨ । ਦਾਸ ਨੇ ਕੁਝ ਚਿਰ ਉਹਨਾਂ ਦੇ ਦਰਸ਼ਨ ਕਰਕੇ ਫ਼ਤਹ ਬੁਲਾਈ ਅਤੇ ਫ਼ਤਹ ਦਾ ਜਵਾਬ ਬੜੇ ਪਿਆਰ ਨਾਲ ਗੁਰਮੁਖ ਵੀਰਾਂ ਵਲੋਂ ਮਿਲਿਆ । ਕੋਈ ਹੋਰ ਗਲ ਕੀਤੇ ਬਿਨਾਂ ਦਾਸਰਾ ਅਗੇ ਤੁਰ ਪਿਆ ਅਤੇ ਦੂਸਰਾ ਜਥਾ ਜਿਸ ਨਾਲ ਪੰਦਰਾਂ ਵੀਰ ਸਿੰਘ ਤੇ ਦਸ ਬਾਰਾਂ ਸਿੰਘਣੀਆਂ ਸਨ, ਮਿਲਿਆ । ਸਜਣਾਂ ਦਾ ਪਹਿਰਾਵਾ ਤਾਂ ਪਹਿਲਾਂ ਵਰਗਾ ਹੀ ਸੀ, ਪਰ ਸਿੰਘਣੀਆਂ ਨੇ ਸਿਰਾਂ ਤੇ ਦਸਤਾਰੇ ਸਜਾਏ ਹੋਏ ਸਨ ਅਤੇ ਉਪਰ ਸੁਰਮਈ ਰੰਗ ਦੇ ਦੁਪਟੇ ਸਨ । ਉਹਨਾਂ ਦੇ ਚਿਹਰਿਆਂ ਤੋਂ ਇਉਂ ਪਤਾ ਲਗਦਾ ਸੀ ਜਿਵੇਂ ਕੋਈ ਬ੍ਰਿਹੋਂ ਕੁਠੀਆਂ ਵੈਰਾਗਾਣਾਂ ਸਨ । ਸਿੰਘਾਂ ਤੇ ਸਿੰਘਣੀਆਂ ਨੇ ਫ਼ਤਹ ਗਜਾਈ । ਫ਼ਤਹ ਤੇ ਕਈ ਵਾਰੀ ਗਜਾਈ ਤੇ ਸੁਣੀ ਸੀ ਪਰ ਭੈਣਾਂ ਕੋਲੋਂ ਫ਼ਤਹ ਦਾ ਬੋਲਾ ਸੁਣਕੇ ਸਵਾਦ ਆਇਆ । ਦਰਸਨ ਕਰਕੇ ਕਾਲਜੇ ਵਿਚ ਠੰਡ ਪੈਂਦੀ ਸੀ । ਇਹਨਾਂ ਦਰਸ਼ਨਾਂ ਵਿਚ ਕੋਈ ਅਲੌਕਿਕ ਖਿਚ ਸੀ । ਦਿਲ ਕਰਦਾ ਸੀ ਮੁੜ ਮੁੜ ਦਰਸ਼ਨ ਕਰੀ ਜਾਵਾਂ ਕਿਉਂਕਿ ਗੁਰਸਿਖਾਂ‡ ਦੇ ਦਰਸ਼ਨਾਂ ਵਿਚੋਂ ਕਲਗੀਧਰ ਪਾਤਸ਼ਾਹ ਦੇ ਦਰਸ਼ਨਾਂ ਦਾ ਝਲਕਾਰਾ ਆ ਵਜਦਾ ਸੀ । ਦਾਸ ਨੇ ਇਹਨਾਂ ਵੀਰਾਂ ਕੋਲੋਂ ਪੁਛਿਆ ਕਿ ਨਾਰੰਗਵਾਲ ਕਿਤਨੀ ਕੁ ਦੂਰ ਹੈ । "ਹੁਣ ਤਾਂ ਤੁਸੀਂ ਪੁਜ ਗਏ ਹੋ, ਬਸ ਮੀਲ ਕੁ ਵਿਥ ਉਤੇ ਹੀ ਹੈ" ਜਥੇ ਦੇ ਸਜਣਾਂ ਨੇ ਉਤਰ ਦਿਤਾ । ਪਰਸਪਰ ਬਚਨ ਬਿਲਾਸ ਕਰਦਿਆਂ ਹੀ ਨਾਰੰਗਵਾਲ ਕੋਠੇ ਸਾਹ-ਮਣੇ ਦਿਸਣ ਲਗ ਪਏ ।

ਪਿੰਡ ਵੜਦੇ ਹੀ ਇਕ ਸਕੂਲ ਆਇਆ । ਸੈਂਕੜੇ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦਾ ਇਕੱਠ ਠਾਠਾਂ ਮਾਰ ਰਿਹਾ ਸੀ । ਨੀਲੇ ਦਸਤਾਰੇ ਤੇ ਸੁਰਮਈ ਦੁਪਟਿਆਂ ਨੇ ਨਗਰ ਕੀਰਤਨ ਲਈ ਇਕ ਸੁਹਾਵਣਾ ਦ੍ਰਿਸ਼ ਬੰਨ੍ਹ ਦਿਤਾ ਸੀ । ਦਾਸ ਓਪਰਾ ਸੰਗਤੀ ਹੋਣ ਕਰਕੇ ਆਲੇ ਦੁਆਲੇ ਕਿਸੇ ਮੇਲੀ ਸਜਣ ਦੀ ਢੂੰਡ ਵਿਚ ਸੀ ਤਾਂ ਜੋ ਆਰਾਮ ਰਹੇ ਪਰ ਉਸ ਵੇਲੇ ਕੋਈ ਵੀ ਅਜਿਹਾ ਸਜਣ ਨਜ਼ਰੀਂ ਨਾ ਪਿਆ । ਦਿਲ ਵਿਚ ਉਹੋ ਸ਼ਬਦ ਗੂੰਜ ਉਠਿਆ 'ਗੁਰੂ ਮੇਰੇ ਸੰਗਿ ਸਦਾ ਹੈ ਨਾਲੇ' ਪਰ ਰਾਤ ਨੂੰ ਬਿਸਰਾਮ ਕਰਨ ਲਈ ਪੁਛ ਗਿਛ ਕਰਨੀ ਜ਼ਰੂਰੀ ਸੀ । ਨਾਲ ਖੜੇ ਸਾਥੀ ਤੋਂ ਪੁਛਿਆ 'ਜੀ' ਸੰਗਤਾਂ ਦਾ ਟਿਕਾਣਾ ਕਿਥੇ ਹੋਣਾ ਏ, ਮੈਂ ਆਪਣਾ ਕਮਲ ਤੇ ਥੈਲਾ ਰਖ ਕੇ ਨਗਰ ਕੀਰਤਨ ਵਿਚ ਜਾਣਾ ਚਾਹੁੰਦਾ ਹਾਂ । ਉਸ ਸੁਭਾਗੇ ਨੇ ਉਤਰ ਵਿਚ ਆਖਿਆ 'ਵੀਰ ਜੀ ! ਜਿਥੇ ਖੜੇ ਹੋ ਇਸੇ ਸਕੂਲ ਵਿਚ ਸਾਰੀਆਂ ਸੰਗਤਾਂ ਦਾ ਟਿਕਾਣਾ ਹੋਵੇਗਾ । ਸਾਰਿਆਂ ਦਾ ਸਮਾਨ ਇਥੇ ਪਿਆ ਹੈ ਤੁਸੀਂ ਵੀ ਇਕ ਮੰਜੇ ਤੇ ਰਖ ਦਿਉ, ਆਪਣਾ ਸਾਰਾ ਸਮਾਨ ਇਥੋਂ ਆ ਕੇ ਰਾਤ ਵੇਲੇ ਸੰਭਾਲ ਲੈਣਾ ।' ਉਸ ਵੀਰ ਦੀਆਂ ਗੱਲਾਂ ਵਿਚ ਚੰਗੀ ਮਿਠਾਸ ਸੀ । ਦਾਸ ਤੇ ਸਭ ਤੋਂ ਪਹਿਲਾਂ ਇਸ ਗਲ ਦਾ ਪਰਭਾਵ ਪਿਆ ਕਿ ਸਚਮੁਚ ਇਹਨਾਂ ਸਿੰਘਾਂ ਨੂੰ ਗੁਰੂ ਨਾਲ ਪਿਆਰ ਹੈ । ਇਹ ਕਿਸੇ ਨੂੰ ਚੋਰ ਨਹੀਂ ਸਮਝਦੇ ਸਾਰਿਆਂ ਨੂੰ ਇਹੋ ਸਮਝਦੇ ਹਨ ਕਿ ਸਾਡੇ ਭਰਾ ਹਨ ।

'ਏਕੁ ਪਿਤਾ, ਏਕਸ ਹਮ ਬਾਰਿਕ ਤੂ ਮੇਰਾ ਗੁਰ

‡ਗੁਰਸਿਖਾਂ ਅੰਦਰਿ ਸਤਿਗੁਰ ਵਰਤੈ,
ਜੋ ਸਿਖਾਂ ਨੋ ਲੋਚੈ, ਸੋ ਗੁਰ ਖੁਸੀ ਆਵੈ ॥
(ਪੰ. ੩੧੭)



www.AKJ.Org

ਹਾਈ'

ਉਹਨਾਂ ਵਿਚ ਕਿਸੇ ਗਲ ਦਾ ਵਿਤਕਰਾ ਨਹੀਂ ਸੀ। ਉਹਨਾਂ ਦਾ ਸਾਂਝਾ ਪਿਆਰ ਦਸਦਾ ਸੀ ਕਿ ਕਿ 'ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ।'

ਸਭ ਤੋਂ ਵਧੇਰੇ ਕੋਈ ਪਰਭਾਵ ਪਾਉਣ ਵਾਲੀ ਝਲਕ ਸੀ ਤਾਂ ਓਹ ਗੁਰਸਿਖਾਂ ਦੀ ਪਰਸਪਰ ਮਿਲਣੀ। ਮਿਲਣੀ ਕਰਦਿਆਂ ਵਾਹਿਗੁਰੂ ਨਾਮ ਦੀਆਂ ਝਲਕਾਂ ਨਜਰੀਂ ਪੈਂਦੀਆਂ ਸਨ। ਇਕ ਸਿੰਘ ਦੀ ਦੂਜੇ ਵੀਰ ਨੂੰ ਗਲਵਕੜੀ, ਦਰਸ਼ਕਾਂ ਨੂੰ ਮੋਹਤ ਕਰ ਲੈਂਦੀ ਸੀ। ਕਈ ਗੁਰਸਿਖਾਂ ਦੇ ਮਿਲਣੀ ਵੇਲੇ ਪਿਆਰ ਭਰੇ ਅਥਰੂ ਵਗ ਤੁਰਦੇ ਸਨ। ਇਸ ਤਰ੍ਹਾਂ ਮਿਲਦੇ ਮਿਲਦੇ ਇਕ ਭਾਰੀ ਇਕੱਠ ਹੋ ਗਿਆ। ੧੨ ਵਜਣ ਵਾਲੇ ਸਨ। ਨਗਰ ਕੀਰਤਨ (ਜਲੂਸ) ਦੀਆਂ ਤਿਆਰੀਆਂ ਆਰੰਭ ਹੋ ਗਈਆਂ। ਇਕ ਸਿੰਘ (ਭਾਈ ਮੇਹਰ ਸਿੰਘ ਜੀ) ਨੇ ਆਪਣੇ ਗਲ ਵਿਚ ਵਾਜਾ ਪਾ ਲਿਆ ਤੇ ਦੂਜੇ ਵੀਰ (ਚਾਨਨੀ ਜੀ)ਨੇ ਜੋੜੀ ਦੇ ਦੋਹਾਂ ਪੁੜਿਆਂ ਨੂੰ ਲਕ ਨਾਲ ਬੰਨ੍ਹ ਲਿਆ। ਉਹਨਾਂ ਸੁਹਣੀਆਂ ਤੇ ਮਨਹੋਣੀਆਂ ਸੂਰਤਾਂ ਨੇ ਬੜੇ ਪਿਆਰ ਨਾਲ ਵਜਦ ਵਿਚ ਆ ਕੇ ਹੇਠ ਲਿਖਿਆ ਸ਼ਬਦ ਪੜ੍ਹਿਆ :—

ਜੋ ਦੀਸੈ ਗੁਰ ਸਿਖੜਾ,
ਤਿਸੁ ਤਿਸੁ ਨਿਵਿ ਲਾਗਉ ਪਾਇ ਜੀਉ।
ਆਖਾ ਬਿਰਥਾ ਜੀਆ ਕੀ,
ਗੁਰੁ ਸਜਣ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ,
ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ,
ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿ ਕੈ,
ਮੈਂ ਤਕੀ ਤਉ ਸਰਨਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ,
ਮੇਰਾ ਸਭੋ ਦੁਖੁ ਗਵਾਇ ਜੀਉ ॥
ਇਤੁ ਮਾਰਗਿ ਚਲੇ ਭਾਈਅੜੇ,
ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ,
ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ,
ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨਾ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ,
ਗੁਰ ਨਾਨਕ ਕੀਆ ਪਸਾਉ ਜੀਉ ॥
ਮੈਂ ਬਹੁੜਿ ਨ ਤ੍ਰਿਸਨਾ ਭੁਖੜੀ,
ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ੩ ॥
(ਸੂਹੀ ਮਹਲਾ ੫ ॥ ਗੁਣਵੰਤੀ ॥)
(ਪੰ: ੭੬੩)

ਰਸਦਾਇਕ ਕੀਰਤਨ ਦੀਆਂ ਪਾਇਲਾਂ ਪਾਉਂਦੇ ਪਾਉਂਦੇ ਗੁਰਮੁਖ ਹੰਸ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਬੁੰਗੇ ਦੇ ਦਰਵਾਜ਼ੇ ਅਗੇ ਜਾ ਖੜੋਤੇ। ਅਗੋਂ ਭਾਈ ਸਾਹਿਬ ਬੜੇ ਪਿਆਰ ਨਾਲ ਸ਼ਸਤਰਾਂ ਨਾਲ ਸਨਧਬਧ ਹੋਏ ਆਪਣੇ ਘਰ ਦੇ ਵਿਹੜੇ ਵਿਚੋਂ ਬਾਹਰ ਨਿਕਲੇ। ਗੁਰਸਿਖਾਂ ਦੀ 'ਆਉ ਭਗਤ' ਵਿਚ ਹੇਠ ਲਿਖਿਆ ਸ਼ਬਦ ਬੜੇ ਪਿਆਰ ਨਾਲ ਪੜ੍ਹਿਆ :-

ਆਵਹੁ ਸਜਣਾ, ਹਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪਨੜੈ ਖੜੀ ਹਉ ਤਕਾ,
ਮੈ ਮਨਿ ਚਾਉ ਘਨੇਰਾ ਰਾਮ ॥



www.AKJ.Org

ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ,
ਮੈ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲ,
ਜਨਮ ਮਰਣ ਦੁਖੁ ਨਾਸਾ ।
ਸਗਲੀ ਜੋਤਿ ਜਾਤਾ ਤੂ ਸੋਈ,
ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ,
ਸਾਚਿ ਮਿਲੇ ਘਰਿ ਆਏ ॥ ੧ ॥

(ਪੰ: ੭੬੪)

ਸ਼ਬਦ ਪੜ੍ਹਨ ਵੇਲੇ ਜੋ ਜਹੁ-ਜਲਾਲ ਭਾਈ ਸਾਹਿਬ ਦੇ ਚਿਹਰੇ ਤੇ ਸੀ ਉਸਦੀ ਝਲਕ ਅਦਭੁਤ ਸੀ। ਭਾਈ ਸਾਹਿਬ ਦੇ ਨੇਤਰ ਤੇ ਮੁਖ ਉਪਰ ਵਲ ਨੂੰ ਸਾਈਂ ਨਾਲ ਜੁੜੇ ਹੋਏ ਦਿਸਦੇ ਸਨ । ਉਨ੍ਹਾਂ ਦੇ ਬੋਲਾਂ ਵਿਚ ਅਮੀਂ-ਰੱਸ ਸੀ। ਕਲਾ ਕਲਾ ਸਿੰਘ ਭਾਈ ਸਾਹਿਬ ਨੂੰ ਫ਼ਤਹ ਗਜਾ ਕੇ ਮਿਲਦਾ ਸੀ । ਚਰਨਾਂ ਤੇ ਮੱਥਾ ਟਿਕਾਉਣ ਵਾਲਾ ਮਨਮਤ ਕਰਮ ਇਥੇ ਨਹੀਂ ਸੀ। ਸਾਰੇ ਸਿੰਘ, ਸਿੰਘਣੀਆਂ, ਬੱਚੇ ਨਗਰ ਕੀਰਤਨ ਦੇ ਅਖਾੜੇ ਵਿਚ ਸ਼ਾਮਲ ਹੋਏ। ਨਗਰ ਕੀਰਤਨ ਪਿੰਡ ਦੇ ਗੁਰਦੁਆਰੇ ਵਿਚ ਜਾ ਸਮਾਪਤ ਹੋਇਆ। ਸ਼ਮ ਪਤੀ ਦੀ ਅਰਦਾਸ ਭਾਈ ਸਾਹਿਬ ਜੀ ਨੇ ਆਪ ਕੀਤੀ। ਫਿਰ ਸੰਗਤਾਂ ਮੁੜ ਕੇ ਆਪਣੇ ਡੇਰੇ (ਸਕੂਲ ਵਾਲੀ ਬਿਲਡਿੰਗ) ਤੇ ਆ ਗਈਆਂ।

ਉਦੋਂ ਸੂਰਜ ਦੀ ਲਾਲੀ ਢਲ ਚੁਕੀ ਸੀ । ਬਾਹਰੋਂ ਆਏ ਸਜਣਾਂ ਦੀਆਂ ਟੋਲੀਆਂ ਨੇ 'ਸੋਦਰੁ' ਦੇ ਪਾਠ ਕਰਨੇ ਅਰੰਭ ਕਰ ਦਿਤੇ। ਪਾਠ ਮਗਰੋਂ ਕਿਸੇ ਨੇ ਪਰਸ਼ਾਦਾ ਛਕਿਆ, ਕੋਈ ਏਦਾਂ ਹੀ ਨਾਮ ਦੇ ਰੰਗਾਂ ਵਿਚ ਖੇਡਦਾ ਰਿਹਾ। ਰਾਤ ਨੂੰ ਸੌਣ ਵੇਲੇ ਨਾਮ-ਸਿਮਰਨ ਦੇ ਖੰਡੇ ਖੜਕਣੇ ਸ਼ੁਰੂ ਹੋ ਗਏ। ਦਾਸ ਲਈ ਏਦਾਂ ਦੇ ਸਮਾਗਮ ਵੇਖਣ ਦਾ ਪਹਿਲਾ ਮੌਕਾ ਸੀ। ਕਈ ਸਜਣ ਗੁਪਤ ਸਿਮਰਨ ਕਰਦੇ ਸਨ ਪਰ ਕਈ ਵੀਰ ਐਨੇ ਬਲ ਨਾਲ ਗੁਰ ਮੰਤਰ ਦਾ ਜਾਪ ਕਰਦੇ ਸਨ ਮਾਨੋ ਉਨ੍ਹਾਂ ਦੇ ਮੰਜੇ ਫ਼ੁੱਟ ਫ਼ੁੱਟ ਉੱਚੇ ਉਛਲਦੇ ਸਨ। ਭਾਵੇਂ ਰਾਤ ਕਾਫ਼ੀ ਲੰਘ ਚੁਕੀ ਸੀ ਪਰ ਅਜਿਹੇ ਦ੍ਰਿਸ਼ ਵੇਖ ਕੇ ਨੀਂਦ ਕਿਥੋਂ ਆਉਣੀ ਸੀ। ਕਈ ਨਾਮ-ਰੰਗੀ ਸਜਣਾਂ ਦੇ ਦਰਸ਼ਨ ਫਿਰ ਟੁਰ ਕੇ ਪਰਸਦਾ ਰਿਹਾ । ਫਿਰ ਜਿਸ ਚੁਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਪ੍ਰਾਰੰਭ ਸੀ ਉਸ ਅਸਥਾਨ ਤੇ ਬੈਠ ਕੇ ਗੁਰਬਾਣੀ ਸਣਨ ਦੇ ਖੁਲ੍ਹੇ ਲਾਹੇ ਲਏ।

ਪ੍ਰਭਾਤ ਵੇਲੇ ਦੋ ਵਜੇ ਦਾ ਵਕਤ ਹੋਵੇਗਾ ਕਿ ਸਿੰਘਾਂ ਨੇ ਉਠ ਕੇ ਇਸ਼ਨਾਨ ਕਰਨਾ ਅਰੰਭ ਕਰ ਦਿਤਾ। ਕਈਆਂ ਨੇ ਕੇਸੀ ਇਸ਼ਨਾਨ ਕੀਤੇ ਅਤੇ ਨਾਮ ਸਿਮਰਨ ਦੇ ਫ਼ਰਾਟਿਆਂ ਦੀਆਂ ਧੁੰਨਾਂ ਉਠਣ ਲਗੀਆਂ। ਕਈ ਵੀਰਾਂ ਤੇ ਭੈਣਾਂ ਨੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸ਼ੁਰੂ ਕਰ ਦਿਤਾ। ਨਿਤਨੇਮ ਮਗਰੋਂ ਸਭ ਨੇ ਸਮਾਗਮ ਅਸਥਾਨ ਵਲ ਵਹੀਰਾਂ ਘਤ ਦਿਤੀਆਂ। ਅੰਮ੍ਰਿਤ ਵੇਲੇ ੩-੪੫ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਿਆ। ਜਪੁਜੀ ਸਾਹਿਬ ਦਾ ਪਾਠ ਵੀ ਨਾਲ ਰਖਿਆ ਹੋਇਆ ਸੀ, ਜਿਸ ਦਾ ਨਾਲ ਹੀ ਭੋਗ ਪਿਆ। ਕੁੰਭ (ਮਿੱਟੀ ਦਾ ਘੜਾ) ਪਾਠ ਵੇਲੇ ਨਹੀਂ ਰਖਿਆ ਗਿਆ । ਹਾਂ, ਇਕ ਸਰਬ ਲੋਹ ਦੀ ਗਾਗਰ ਵਿਚ ਜਲ ਰਖਿਆ ਹੋਇਆ ਸੀ। ਉਸ ਚੁਬਾਰੇ ਵਿਚ ਕਿਸੇ ਗੁਰੂ ਜਾਂ ਕਿਸੇ ਸੰਤ ਵਿਅਕਤੀ ਦਾ ਫ਼ੋਟੋ ਕੰਧ ਨਾਲ ਲਟਕਦਾ ਨਜ਼ਰੀਂ ਨਹੀਂ ਪਿਆ, ਸਗੋਂ ਗੁਰਬਾਣੀ ਦੀਆਂ ਚੋਣਵੀਆਂ ਪੰਕਤੀਆਂ ਦੇ ਕੁਝ ਮਾਟੋ (ਕਿਤੇ) ਉਸ ਕਮਰੇ ਵਿਚ ਵੇਖਣ ਵਿਚ ਆਏ ਸਨ ਜਿਸ ਤੋਂ ਇਉਂ ਜਾਪਦਾ ਸੀ ਕਿ ਭਾਈ ਸਾਹਿਬ ਦਾ ਵਿਸ਼ਵਾਸ ਕੇਵਲ "ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮਿਤ ਸਾਰੇ" ਵਿਚ ਦ੍ਰਿੜ੍ਹ ਸੀ।


www.AKJ.Org

ਚਾਰ ਵਜੇ ਠੀਕ ਆਸਾ ਦੀ ਵਾਰ ਦਾ ਕੀਤਤਨ ਆਰੰਭ ਹੋ ਗਿਆ। ਭਾਈ ਸਾਹਿਬ ਜੀ ਨੇ ਆਪ ਕਈ ਘੰਟੇ ਲਗਾਤਾਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਫਿਰ ਬਾਹਰੋਂ ਪੁਜੇ ਰੰਗ ਰਤੜੇ ਵੀਰਾਂ ਤੇ ਭੈਣਾਂ ਦੇ ਕੀਰਤਨੀ ਜਥਿਆਂ ਨੇ ਨਾਮ ਦੇ ਸੁਹਣੇ ਰੰਗ ਬਧੇ। ਵਾਹਿਗੁਰੂ ਗੁਰਮੰਤ੍ਰ ਦੀ ਧੁਨੀ ਦਾ ਸੰਗਤੀ ਅਲਾਪ ਬਹੁਤ ਹੀ ਥੋੜ੍ਹਾ ਹੁੰਦਾ ਸੀ ਪਰ ਕਈ ਅੰਤਰਮੁਖ ਬ੍ਰਿਤੀ ਵਾਲੇ ਗੁਰਸਿਖਾਂ ਦੀ ਸੁਆਸਾਂ ਦੀ ਧੌਂਕਣੀ ਵਾਲਾ ਸਿਮਰਨ ਆਪਮੁਹਾਰੇ ਚਲਦਾ ਰਹਿੰਦਾ ਸੀ। ਓਦੋਂ ਕੀਰਤਨ ਜਥੇ ਗਿਣਤੀ ਦੇ ਹੀ ਸਨ ਪਰ ਰਸ ਅਤੇ ਟਿਕਾ ਦੀ ਪ੍ਰਤਿਭਾ ਕਮਾਲ ਦਰਜੇ ਦੀ ਸੀ। ਰਸ ਵਿਚ ਮਗਨੰਤਰ ਰੂਹਾਂ ਦੀਆਂ ਅਖੰਡ ਸਮਾਧੀਆਂ ਨੇ ਕੀਰਤਨ ਦੇ ਭੋਗ ਵਿਚ ਬਹੁਤ ਦੇਰ ਕਰ ਦਿਤੀ। ਸ਼ਾਮ ਦੇ ਤਿੰਨ ਵਜੇ ਕਰੀਬ ਆਸਾ ਦੀ ਵਾਰ ਦਾ ਭੋਗ ਪਿਆ। ਸੰਗਤਾਂ ਦੇ ਗਫੇ ਛਕਦੇ ਛਕਾਉਂਦੇ ਸ਼ਾਮਾਂ ਪੈ ਗਈਆਂ ਸਨ। ਸਵੇਰ ਦੀ ਦਸ ਘੰਟੇ ਦੀ ਬੈਠਕ ਹੋਣ ਕਰਕੇ ਸੰਗਤਾਂ ਬਾਹਰ ਫਿਰਨ ਤੁਰਨ ਖੁਲ੍ਹੇ ਮੈਦਾਨਾਂ ਵਿਚ ਨਿਕਲ ਤੁਰੀਆਂ। ਰਾਤ ਨੂੰ ਪ੍ਰਸ਼ਾਦਾ ਛਕਣ ਤੇ ਕਿਸੇ ਦਾ ਦਿਲ ਨਹੀਂ ਕਰਦਾ ਸੀ ਕਿਉਂਕਿ ਸਵੇਰ ਦਾ ਲੰਗਰ ਸ਼ਾਮ ਨੂੰ ਛਕਿਆ ਸੀ। ਫਿਰ ਵੀ ਸੌਂਫ ਦੀ ਦੇਗ ਵਰਤ ਰਹੀ ਸੀ। ਕਈ ਕਾਲੀ ਚਾਹ ਪੀਣ ਵਾਲੇ ਵੀ ਸਨ। ਥੋੜ੍ਹੀ ਦੇਰ ਪੇਟ ਪੂਰਤੀ ਕਰਨ ਮਗਰੋਂ ਸੰਗਤਾਂ ਮੁੜ ੮ ਵਜੇ ਦੀਵਾਨ ਅਸਥਾਨ ਵਿਚ ਆਪਣੇ ਆਸਣ ਮਲ ਲਏ। ਰੈਣ ਸਬਾਈ ਕੀਰਤਨ ਦੀ ਅਰੰਭਤਾ, "ਸੇਵੀ ਸਤਿਗੁਰ ਆਪਣਾ ਹਰਿ ਸਿਮਰੀ ਦਿਨ ਸਭਿ ਰੈਣਿ" ਸ਼ਬਦ ਨਾਲ ਹੋਈ। ਇਕੋ ਸ਼ਬਦ ਪ੍ਰਮਾਣ ਵਜੋਂ ਕਈ ਕਈ ਸ਼ਬਦ ਪੜ੍ਹੇ ਗਏ। ਭਾਈ ਸਾਹਿਬ ਨੇ ਰਾਤ ਆਪ ਕੀਰਤਨ ਸੁਣਾਇਆ। ਉਨ੍ਹਾਂ ਦੇ ਪਿਛੇ ਇਕ ਨਿਹੰਗ ਸਿੰਘ ਕਾਪੀ ਲੈ ਕੇ ਬੈਠਾ ਹੋਇਆ ਸੀ ਅਤੇ ਲੋੜ ਅਨੁਸਾਰ ਪ੍ਰਮਾਣ ਜਾਂ ਸ਼ਬਦ ਦੀ ਸੁਧਾਈ ਕਰਾਉਣ ਵਿਚ ਮਦਦ ਕਰਦਾ ਸੀ। ਅਜ ਕਲ ਵਾਂਗ 'ਅੰਮ੍ਰਿਤ ਕੀਰਤਨ' ਦੀਆਂ ਪੋਥੀਆਂ ਵਾਜੇ ਉਤੇ ਰਖਕੇ ਕੀਰਤਨ ਵਾਲਾ ਕੋਈ ਸਜਣ ਜਾਂ ਬੀਬੀ ਨਜ਼ਰੀਂ ਨਹੀਂ ਪਏ ਸਨ। ਰਾਤ ਦੇ ੧੨ ਵਜੇ, ਉਪਰੋਕਤ ਸ਼ਬਦ ਦਾ ਭੋਗ ਪਿਆ ਹੋਵੇਗਾ। ਫਿਰ ਦਸਤਾਰੇ ਵਾਲੀਆਂ ਬੀਬੀਆਂ ਨੇ "ਵਧੁ ਸੁਖੁ ਰੈਨੜੀਏ ਪ੍ਰਿਆ ਪ੍ਰੇਮੁ ਲਗਾ।" "ਜਾਗ ਸਲੋਨੜੀਏ, ਬੋਲੇ ਗੁਰਬਾਣੀ ਰਾਮ" ਇਤਾਦਿ ਹੋਰ ਸ਼ਬਦ ਪੜ੍ਹੇ। ਸਵੇਰ ਦੇ ਦੀਵਾਨ ਵਿਚ ਫਿਰ ਕੀਰਤਨੀ ਸਿੰਘ ਆ ਬੈਠੇ। ਸਾਰੀ ਰਾਤ ਅੰਮ੍ਰਿਤ ਕੀਰਤਨ ਦੀਆਂ ਮਿਠੀਆਂ ਤੇ ਅਗੰਮੀ ਧੁਨਾਂ ਨੇ ਸਾਰੇ ਵਾਤਾਵਰਣ ਨੂੰ ਇਤਨਾ ਰਸ ਭਿੰਨਾ ਕਰ ਦਿਤਾ ਸੀ ਕਿ ਕਿਸੇ ਜਗਿਆਸੂ ਦਾ ਉਠਣ ਤੇ ਚਿਤ ਨਹੀਂ ਕਰਦਾ ਸੀ।

ਪਹੁ-ਫਟਾਲਾ ਹੋਣ ਵਾਲਾ ਸੀ। ਉਸ ਵੇਲੇ ਕੰਨਾਂ ਵਿਚ ਅਤਿ ਸੁੰਦਰ ਸ਼ਬਦਾਂ ਦੀ ਗੂੰਜ ਸੁਣਾਈ ਦਿਤੀ। ਸ਼ਬਦ ਦੀ ਧੁੰਨੀ ਇਉਂ ਉਠ ਰਹੀ ਸੀ :—

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ,
ਸੁ ਅੰਮ੍ਰਿਤ ਗੁਰ ਤੇ ਪਾਇਆ ॥

ਇਤਨੇ ਚਿਰ ਨੂੰ ਅਤਿ ਸੁੰਦਰ ਦ੍ਰਿਸ਼ ਪੰਜਾਂ ਪਿਆਰਿਆਂ ਦਾ ਸਾਹਮਣੇ ਆਇਆ। ਕੀਰਤਨੀ ਸਿੰਘ ਨੇ ਕੀਰਤਨ ਉਥੇ ਹੀ ਛੱਡ ਦਿਤਾ। ਸਾਰੀਆਂ ਸੰਗਤਾਂ ਗੁਰੂ ਰੂਪ ਪੰਜ ਪਿਆਰਿਆਂ ਦੀ ਆਮਦ ਦੇ ਸਤਿਕਾਰ ਵਿਚ ਖੜ੍ਹੀਆਂ ਹੋ ਗਈਆਂ। ਫਿਰ ਦੂਜਾ ਸ਼ਬਦ ਪੜ੍ਹਿਆ ਗਿਆ :—

ਪੀ ਅੰਮ੍ਰਿਤੁ ਆਘਾਨਿਆ,
ਗੁਰਿ ਅਮਰ ਕਰਾਇਆ ॥

ਪੰਜ ਪਿਆਰੇ ਜਥੇਦਾਰ ਸਮੇਤ ਗੁਰੂ ਦਰਬਾਰ ਵਿਚ ਸਜ ਗਏ। ਅੰਮ੍ਰਿਤ ਸੰਚਾਰ ਦਾ ਅਤਿ ਸੁਆਦਲਾ ਦ੍ਰਿਸ਼ ਹਰੇਕ ਦੇ ਦਿਲ ਨੂੰ ਕੋਈ ਨਵਾਂ ਸੁਨੇਹਾ ਦਿੰਦਾ



www.AKJ.Org

ਸੀ। ੨੫ ਜਾਂ ੩੦ ਸਿੰਘ ਸਿੰਘਣੀਆਂ ਨੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੋਵੇਗਾ। ਉਨ੍ਹਾਂ ਦੇ ਚਿਹਰਿਆਂ ਤੇ ਕੋਈ ਅਜਬ ਰੰਗ ਚੜ੍ਹਿਆ ਹੋਇਆ ਸੀ। ਜੋ ਪਿਆਰ ਇਕ ਦੂਜੇ ਨੂੰ ਵੇਖ ਉਥੇ ਆਉਂਦਾ ਸੀ, ਉਹ ਅਕਿਹ ਹੈ। ਇਹ ਤਾਂ ਵੇਖਣ ਵਾਲਾ ਜੀ ਜਾਣਦਾ ਹੈ। ਜਿਵੇਂ ਗੁਰਬਾਣੀ ਵਿਚ ਅੰਕਤ ਹੈ :—

ਕਬੀਰ ਚਰਨ ਕਮਲ ਕੀ ਮਉਜ ਕੋ,
ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ,
ਦੇਖਾ ਹੀ ਪਰਵਾਨੁ ॥

ਉਸ ਕੀਰਤਨ ਦੀ ਛਹਬਰ ਵਿਚੋਂ ਉਠਣ ਤੇ ਚਿਤ ਨਹੀਂ ਕਰਦਾ ਸੀ ਪਰ 'ਵਿਡਾਣੀ ਚਾਕਰੀ' ਨੇ ਆਪਣਾ ਸਿਗਨਲ ਦੇ ਦਿਤਾ। ਸਵੇਰੇ ੬ ਵਜੇ ਦੇ ਲਗਪਗ ਗਡੀ ਜਾਣ ਦਾ ਸਮਾਂ ਸੀ। ਗੁਰਸਿਖਾਂ ਦੀ ਧੂੜੀ ਨੂੰ ਮੱਥੇ ਤੇ ਲਾਇਆ। ਦਸਮੇਸ਼ ਪਿਤਾ ਜੀ ਦਾ ਲਖ ਲਖ ਸ਼ੁਕਰਾਨਾ ਕੀਤਾ। ਗੁਰੂ ਚਰਨਾਂ ਵਿਚ ਵਾਪਸ ਘਰ ਜਾਣ ਦੀ ਅਰਦਾਸ ਕੀਤੀ ਤੇ ਉਸ ਰਮਣੀਕ ਵਿਹੜੇ ਦੀ ਡਿਉਢੀ ਚੋਂ ਲੰਘਕੇ ਸਟੇਸ਼ਨ ਨੂੰ ਚਾਲੇ ਪਾ ਦਿਤੇ। ਰਸਤੇ ਵਿਚ ਉਹੋ ਹੀ ਕੀਰਤਨ ਸੁਣਾਈ ਦੇ ਰਿਹਾ ਸੀ। ਸਰੀਰ ਕਰਕੇ ਭਾਵੇਂ ਗਡੀ ਵਿਚ ਬੈਠੇ ਸਾਂ ਪਰ ਆਤਮਾ ਉਸ ਮੰਡਲ ਵਿਚ ਕਿਤਨਾ ਚਿਰ ਅਸਥਿਤ ਰਹੀ। ਪਟਿਆਲੇ ਪਹੁੰਚ ਕੇ ਵੀ ਕਈ ਦਿਨਾਂ ਦਾ ਕੀ ਕਹਿਣਾ, ਕਈ ਮਹੀਨੇ ਲਗਾਤਾਰ ਰਸ ਬਝਾ ਰਿਹਾ। ਇਹ ਨਾਰੰਗਵਾਲ ਵਿਚ ਅੰਤਲਾ ਸਮਾਗਮ ਸੀ। ਉਸ ਮਗਰੋਂ ਇਹ ਪੁਰਬ ਲੁਧਿਆਣੇ ਮਾਡਲ ਟਾਊਨ ਵਿਖੇ ਮਨਾਇਆ ਗਿਆ। ਇਥੇ ਪਹਿਲੇ ਦੋ ਸਮਾਗਮ ਤਾਂ ਬਹੁਤ ਚੜ੍ਹਦੀ ਕਲਾ ਵਿਚ ਹੋਏ ਪਰ ਮਗਰੋਂ ਭਾਈ ਸਾਹਿਬ ਦੇ ਸਰੀਰ ਢਿਲਾ ਹੋਣ ਕਰਕੇ ਨਾਰੰਗ ਵਾਲੇ ਰੰਗ ਨਹੀਂ ਬਝੇ। ਸੋ ਨਾਰੰਗਵਾਲਾ ਦਾ ੧੯੫੪ ਦਾ ਪੋਹ ਸੁਦੀ ਸਤਮੀ ਵਾਲਾ ਸਮਾਗਮ ਮੇਰੇ ਲਈ ਇਕ ਅਭੁੱਲ ਯਾਦ ਹੈ।

ਨੋਟ :—ਭਾਈ ਸਾਹਿਬ ਜੀ ਦੇ ਗੁਰਪੁਰੀ ਸਿਧਾਰਣ ਮਗਰੋਂ ਅਖੰਡ ਕੀਰਤਨੀ ਜਥਿਆਂ ਦੀ ਸੇਵਾ ਦਾ ਵਰਣਨ ਅਤੇ ਇਸ ਜਥੇਬੰਦੀ ਦੀ ਉਨਤੀ ਲਈ ਕੋਈ ਸੁਝਾਅ ਦੇਣ ਦਾ ਜਤਨ ਕੀਤਾ ਜਾਵੇਗਾ, ਜੇ ਗੁਰਬਾਣੀ ਦੀ ਖੋਜ ਵਾਲੇ ਕੰਮ ਤੋਂ ਵਿਹਲ ਮਿਲੀ।

---



www.AKJ.Org

# ੧੧ ਮਹੀਨੇ ੧੧ ਦਿਨ ੧੧ ਘੜੀਆਂ ੧੧.....?

ਲੇਖਕ :—ਕੈਪਟਨ ਅਮਰੀਕ ਸਿੰਘ ਜੀ

## ਪਰੀਚਯ :—

ਸਾਡਾ ਇਤਿਹਾਸ ਸ਼ੁਧ ਨਹੀਂ । ਇਸ ਵਿਚ ਬਹੁਤ ਮਿਲਾਵਟ ਅਜਿਹੀ ਹੈ ਜਿਹੜੀ ਸਿਖਾਂ ਨੂੰ ਗੁਰਮਤ ਦੇ ਆਸ਼ੇ ਉਲਟ, ਗੁਮਰਾਹ ਕਰੀ ਜਾ ਰਹੀ ਹੈ । ਇਤਿਹਾਸ ਉਹ ਹੀ ਠੀਕ ਹੈ ਜਿਹੜਾ ਗੁਰਮਤਿ ਦੀ ਕਸਵੱਟੀ ਉਤੇ ਪੂਰਾ ਉਤਰੇ । ਬਾਕੀ ਦੀਆਂ ਮਨ ਘੜਤ ਕਹਾਣੀਆਂ ਸੁਟ ਪਾਈਆਂ ਜਾਣ ।

ਕੁਝ ਸਮਾਂ ਹੋਇਆ ਦਾਸ ਦੀ ਨਿਗਾਹ ਦੇ ਹੇਠੋਂ ਇਕ ਅਜਿਹੀ ਸਾਖੀ ਲੰਘੀ ਹੈ, ਜਿਹੜੀ ਕਲਗੀਧਰ ਪਾਤਸ਼ਾਹ ਜੀ ਨੂੰ ੧੧ ਮਹੀਨੇ, ੧੧ ਦਿਨ, ੧੧ ਘੜੀਆਂ ਤੇ ਹੋਰ ਪਤਾ ਨਹੀਂ ਕੀ ਕੀ ੧੧ ਬਸ ੧੧ ਹੀ ੧੧—ਸਮੇਂ ਲਈ ਬਨਬਾਸ ਲੈ ਗਈ ਹੈ । ਇਸ ਸਾਖੀ ਬਾਰੇ ਕੁਝ ਪੜਚੋਲਵੀਆਂ ਵਿਚਾਰਾਂ ਪਾਠਕਾਂ ਦੀ ਵੀ ਦ੍ਰਿਸ਼ਟੀ ਗੋਚਰ ਕਰਨ ਲਗਾ ਹਾਂ ।

## ਖਾਲਸੇ ਦੀ ਸਾਜਨਾ :—

ਖ਼ਾਲਸੇ ਦੀ ਸਾਜਨਾਂ ਬਾਰੇ ਕੁਝ ਕੁ ਲੇਖਕਾਂ ਦੀਆਂ ਲਿਖਤਾਂ ਦਾਸ ਨੇ ਪੜ੍ਹੀਆਂ ਹਨ । ਦੋ ਨਮੂਨੇ ਹੇਠਾਂ ਦਿੰਦਾ ਹਾਂ :—

(੧) ਸੰਮਤ ੧੭੫੬ ਬਿਕਰਮੀ ਦੀ ਵੇਸਾਖੀ ਵਾਲੇ ਦਿਨ ਹੀ ੫੦ ਹਜ਼ਾਰ ਤੋਂ ਵਧ ਗਿਣਤੀ ਦੇ ਇਕੱਠ ਵਿਚ ਕਲਗੀਆਂ ਵਾਲੇ ਨੇ ਖੰਡਾ-ਕੁਲ-ਛਤਰੀਆਂ ਅਰਥਾਤ ਖਾਲਸੇ ਦੀ ਸਾਜਨਾ ਕੀਤੀ । **ਯਾਰਾਂ ਮਹੀਨੇ, ਯਾਰਾਂ ਦਿਨ ਤੇ ਯਾਰਾਂ ਘੜੀਆਂ ਦੀ ਦਿਲਗੀਰ ਅਵਸਥਾ ਵਿਚ ਸੋਚੀ ਸਮਝੀ ਵਿਉਂਤ ਅਨੁਸਾਰ** ਇਕ ਦਿਲਜ਼ੋਰ ਅਵਸਥਾ ਵਿਚ ਪਰਗਟ ਹੋਏ । ਹਥ 'ਚ ਨੰਗੀ ਤਲਵਾਰ ਤੇ ਧਰਮ ਲਈ ਸੀਸ ਭੇਟਾ ਮੰਗੀ, ਇਕ ਅਦਭੁਤ ਕੌਤਕ ਸੀ............।'

(੨) "ਸਤਿਗੁਰ ਜੀ ਨੇ ਆਪਣੀ ਮਨ ਸੁਰਤ ਨੂੰ ਜੋ ਅਗੇ ਹੀ ਹਰ ਸਮੇਂ ਪ੍ਰਭੂ ਚਰਨਾਂ ਵਿਚ ਚੁਭੀ ਰਹਿੰਦੀ ਸੀ—"ਚੁਭੀ ਰਹੀ ਸੁਰਤ ਪ੍ਰਭੂ ਚਰਨਨ ਮਹਿ—" ਹੋਰ ਉਚ ਮੰਡਲਾਂ ਵਿਚ ਲੈ ਗਏ । ਇਸ ਲਈ ਕਿ ਵਾਹਿਗੁਰੂ ਜੀ ਦੇ ਪੰਥ ਖਾਲਸੇ ਦਾ ਸਹੀ ਤੇ ਠੀਕ ਚਿੱਤਰ ਆਪਣੇ ਹਿਰਦੇ ਵਿਚੋਂ ਉਲੀਕ ਸਕਣ । ਅਨੰਦਪੁਰੀ ਦੀ ਅਤੀ ਰੁਝੇਵੇਂ ਵਾਲੀ ਜੀਵਨੀ ਵਿਚੋਂ ਹਜ਼ੂਰ ਕੁਝ ਵਖਰੇ ਵਖਰੇ ਜਿਹੇ ਹੋਣ ਲਗ ਪਏ । ਇਥੋਂ ਤਕ ਕਿ ਅਨੰਦ ਪੁਰੀ, ਤੇ ਸਾਰੇ ਸੁਖਦਾਈ ਮਹਿਲ ਮਾੜੀਆਂ, ਕਿਲ੍ਹੇ ਇਸਤਰੀ, ਪੁਤਰ, ਸੇਵਕ, ਪਿਆਰੇ ਮਿਤਰ, ਹਾਥੀ ਘੋੜੇ, ਸਭ ਕੁਝ ਤਿਆਗ ਦਿਤਾ ਅਤੇ **ਬਨ ਵਿਚ ਪਹਾੜ ਦੀ ਕੁਖ ਵਿਚ ਜਾ ਬਿਰਾਜੇ** । ਇਸ ਤਰ੍ਹਾਂ ਇਕ ਮਨ ਇਕ ਚਿਤ ਗੰਭੀਰ ਅਵਸਥਾ ਵਿਚ ਬੈਠਿਆਂ **ਗਿਆਰਵਾਂ ਮਹੀਨਾ ਚੜ੍ਹ ਗਿਆ ਤੇ ਗਿਆਰਵੇਂ ਮਹੀਨੇ ਦੇ ਗਿਆਰਵੇਂ ਦਿਨ ਹਜ਼ੂਰ ਦੇ ਅੰਦਰੋਂ ਆਵਾਜ਼ ਆਈ,** ਜੀ ਠੀਕ ਹੈ 'ਪੰਥ ਚਲੈ ਤਬ ਜਗਤ ਮਹਿ ਜਬ ਤੁਮ ਕਰਹੁ ਸਹਾਇ । ਹਜ਼ੂਰ ਨੂੰ ਇਕ ਮੂਰਤੀ ਨਜ਼ਰ



www.AKJ.Org

ਆਈ 'ਸਾਬਤ ਸੂਰਤ ਦਸਤਾਰ ਸਿਰਾ' ਤੇ 'ਸੋਹਣੇ ਨਕ ਜਿਨ ਲਮੜੇ ਵਾਲਾ' ਸੋਹਣੇ ਕੇਸ, ਫਬਦੀ ਢੁਕਵੀਂ ਦਸਤਾਰ ਸਜੀ ਹੋਈ, ਪ੍ਰਕਾਸ਼ ਮਈ ਦਾੜ੍ਹਾ, ਚਮਕਦੇ ਨੇਤਰ, ਸੁਭਾਗਾ ਚੌੜਾ ਲਿਲਾਟ, ਸਡੌਲ ਸੂਰਬੀਰ, ਉਚੇ ਸੁਚੇ ਆਚਾਰ ਭਰਪੂਰ ਪ੍ਰਉਪਕਾਰੀ ਜੀ ਇਹੋ ਸੀ ਖਾਲਸੇ ਦੀ ਮੂਰਤੀ। ਹਜ਼ੂਰ ਜੀ ਨੇ ਆਪੋਂ ਲਿਆ ਇਕਾਂਤਵਾਸ ਦਾ ਤਿਆਗ ਕੀਤਾ ਤੇ ਅਨੰਦ ਪੁਰੀ ਨੂੰ ਵਾਪਸ ਪਰਤੇ,............।'

ਉਪਰੋਕਤ ਦੋਵੇਂ ਲਿਖਤਾਂ ਪੜ੍ਹ ਕੇ ਦਾਸ ਨੂੰ ਪਹਿਲੋਂ ਤਾਂ ਹੇਠ ਲਿਖੀਆਂ ਸਚਾਈਆਂ ਚੇਤੇ ਆਈਆਂ ਤੇ ਫਿਰ ਕੁਝ ਘੋਖ। ਜੋ ਕਿ ਵਾਰੀ ਵਾਰੀ ਹੇਠਾਂ ਦਿੰਦਾ ਹਾਂ।

## ਜਾਣੀਆਂ ਪਛਾਣੀਆਂ ਸਚਾਈਆਂ :—

(ੳ) ਕਲਗੀਧਰ ਜੀ ਨੂੰ, ਸੰਸਾਰ ਤੇ, ਦਸਮੇਸ਼ ਦੇ ਰੂਪ ਵਿਚ ਆਵਣ ਤੋਂ ਪਹਿਲਾਂ ਹੀ ਪਤਾ ਸੀ ਕਿ ਉਹ ਕਿਸ ਕੰਮ ਲਈ ਸੰਸਾਰ ਤੇ ਭੇਜੇ ਜਾ ਰਹੇ ਹਨ।

'ਪੰਥ ਪਰਚੁਰ ਕਰਬੇ ਕੋ ਸਾਜਾ'

(ਸ੍ਰੀ ਮੁਖਵਾਕ ਪਾ: ੧੦)

(ਅ) ਉਪਰੋਕਤ ਹੁਕਮ ਪਾਉਂਦਿਆਂ ਹੀ ਕਲਗੀਧਰ ਜੀ ਨੇ ਪ੍ਰਭੂ ਜੀ ਅਗੇ ਬੇਨਤੀ ਕੀਤੀ—'ਠਾਂਢ ਭਇਓ ਮੈਂ ਜੋਰ ਕਰ ਬਚਨ ਕਹਾ ਸਿਰ ਨਿਆਇ' ਕਿ :—

'ਪੰਥ ਚਲੈ ਤਬ ਜਗਤ ਮਹਿ ਜਬ ਤੁਮ ਕਰਹੁ ਸਹਾਇ।" (ਪਾ: ੧੦)

(ੲ) ਸਾਬਤ ਸੂਰਤ ਰਹਿਣ ਦੀ ਰਹਿਤ, ਗੁਰੂ ਨਾਨਕ ਪਾਤਸ਼ਾਹ ਤੋਂ ਹੀ ਗੁਰੂ ਵਿਅਕਤੀਆਂ ਤੇ ਉਨ੍ਹਾਂ ਦੇ ਅਨਿਨ ਸੇਵਕ ਸਿਖ ਨਿਭਾਉਂਦੇ ਆ ਰਹੇ ਸਨ।

(ਸ) ਹਰੇਕ ਪ੍ਰਾਣੀ ਮਾਤਰ ਲਈ 'ਸਾਬਤ ਸੂਰਤ ਦਸਤਾਰ ਸਿਰਾ' ਦਾ ਉਪਦੇਸ਼ ਪੰਚਮ ਪਾਤਸ਼ਾਹ ਜੀ ਹੀ ਆਪਣੀ ਬਾਣੀ (ਮਾਰੂ ਰਾਗ) ਵਿਚ ਵੀ ਲਿਖ ਗਏ ਸਨ।

(ਹ) ਸ਼ਸਤਰ ਧਾਰਨ ਤੇ ਸ਼ਸਤਰ ਵਰਤੋਂ ਦਾਦਾ ਗੁਰੂ ਹਰਗੋਬਿੰਦ ਸਾਹਿਬ ਤੋਂ ਆਰੰਭ ਸੀ।

(ਕ) ਕਲਗੀਧਰ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਹੋਏ ਮਿਸ਼ਨ ਨੂੰ ਸਿਰੇ ਚਾੜ੍ਹਨ ਦਾ ਕਾਰਜ ਕੀਤਾ।

## ਘੋਖ :—

(੧) ਕਲਗੀਧਰ ਜੀ ਨੂੰ, ਜਦ ਪਹਿਲਾਂ ਤੋਂ ਹੀ ਆਪਣਾ ਮਿਸ਼ਨ ਪਤਾ ਸੀ, ਤੇ ਅਕਾਲ ਪੁਰਖ ਦੀ ਸਹਾਇਤਾ ਹਾਸਲ ਸੀ, ਤੇ ਖਾਲਸੇ ਦਾ ਰੂਪ ਵੀ, ਕੇਸਾਧਾਰੀ ਦਸਤਾਰ ਧਾਰੀ ਤੇ ਦਾੜ੍ਹਾ ਪਰਕਾਸ, ਗੁਰੂ ਸਾਹਿਬ ਦੇ ਆਪਣੇ ਕੋਲ ਨੌ ਪੀੜ੍ਹੀਆਂ ਤੋਂ ਚਲਿਆ ਆ ਰਿਹਾ ਪਹਿਲੋਂ ਹੀ ਹੈ ਸੀ ਤਾਂ ਫਿਰ ਖਾਲਸੇ ਦਾ ਇਹੋ ਚਿੱਤਰ ਉਲੀਕਣ ਲਈ, ੧੧ ਮਹੀਨੇ, ੧੧ ਦਿਨ, ੧੧ ਘੜੀਆਂ ੧੧ ਪਲ ਤੇ ਹੋਰ ਵੀ ਪਤਾ ਨਹੀਂ ਕੀ ਕੀ ੧੧, ਸੋਚਣ ਦੀ ਕਿਉਂ ਤੇ ਕਿਵੇਂ ਜ਼ਰੂਰਤ ਪਈ ?

(੨) ਗੁਰਮਤ ਵਿਚ ਗ੍ਰਹਿਸਤ ਮਾਰਗ ਪਰਵਾਨ ਹੈ। ਕਲਗੀਧਰ ਜੀ ਖੁਦ ਗ੍ਰਹਿਸਤੀ ਸਨ। ਗ੍ਰਹਿਸਤ ਤੋਂ ਭਜ ਕੇ ਜੰਗਲਾਂ ਨੂੰ ਉਹ ਜਾਏ ਜੇਹੜਾ ਗੁਰਮਤ ਤੋਂ ਅਨਜਾਣ ਹੋਵੇ, ਜਿਹੜਾ ਇਤਨਾ ਕਮਜ਼ੋਰ ਦਿਲ ਹੋਵੇ ਕਿ ਗ੍ਰਹਿਸਤ ਦੀ ਜ਼ਿੰਮੇਂਵਾਰੀ ਤੋਂ ਡਰਦਾ ਹੋਵੇ ਜਾਂ ਗ੍ਰਹਿਸਤ ਦੇ ਖਲਜਗਨ ਤੋਂ ਡਰ ਕੇ ਇਕਾਂਤ ਲਭੇ। ਗੁਰਮਤ ਵਿਚ ਬਨਬਾਸ ਲੈਣਾ ਮਨ੍ਹਾਂ ਹਨ। ਫਿਰ ਇਹ ਕਿਵੇਂ ਮੰਨਿਆ ਜਾਏ ਕਿ ਕਲਗੀਧਰ ਵਰਗੇ ਮਹਾਨ ਵਿਅਕਤੀ, ਨਿਰਭੈ ਯੋਧਾ ੧੧ ਮਹੀਨੇ ੧੧ ਦਿਨ ੧੧ ਘੜੀਆਂ ੧੧ ਪਲ ਬਨ ਵਿਚ ਇਕਾਂਤ ਵਾਸ ਲੈ ਕੇ ਬੈਠੇ ਰਹੇ।

(੩) ਕਲਗੀਧਰ ਜੀ ਬ੍ਰਹਮ ਗਿਆਨੀ ਸਨ। ਭੂਤ ਭਵਿਖ ਦੇ ਜਾਨਣਹਾਰ ਸਨ। ਹਰ ਵੇਲੇ ਅਕਾਲ



www.AKJ.Org

ਪੁਰਖ ਨਾਲ ਇਕ ਮਿਕ ਸਨ। ਤਾਂ ਫਿਰ ਕੀ ਇਕ ਮਿਕ ਹੋਇਆਂ ਨੂੰ ਵੀ, ਭੂਤ ਭਵਿਖ ਜਾਨਣਹਾਰਿਆਂ ਨੂੰ ਵੀ ੧੧ ਮਹੀਨੇ ੧੧ ਦਿਨ ੧੧ ਘੜੀਆਂ ੧੧ ਪਲ ਬਨ ਵਿਚ ਇਕਾਂਤ ਵਾਸ ਰਹਿਣ ਦੀ ਲੋੜ ਹੈ ? ਆਪਣਾ ਹੀ ਰੂਪ :—

'ਖਾਲਸਾ ਮੇਰੋ ਰੂਪ ਹੈ ਖਾਸ'

ਖਾਲਸੇ ਨੂੰ ਬਖਸ਼ਣ ਦੀ ਸੋਚਣ ਵਾਸਤੇ ? ਜਾਂ ਇਉਂ ਕਹਿ ਲਓ ਵਾਹਿਗੁਰੂ ਵਲੋਂ ਦਿਤੇ ਹੋਏ ਰੂਪ ਵਿਚ ਕਿਸੇ ਕਿਸਮ ਦੀ ਮਦਖਾਲਤ ਕਰਨ ਤੋਂ ਮਨ੍ਹਾਂ ਕਰਨ ਵਾਸਤੇ ?

(੪) ਕੀ ਸਾਡੇ ਇਤਿਹਾਸਕਾਰ ਤੇ ਲੇਖਕ ਕਲਗੀ-ਧਰ ਜੀ ਨੂੰ ਇਕ ਆਮ ਇਨਸਾਨ ਸਮਝਦੇ ਹਨ, ਜਿਹੜਾ ਹਾਲਾਤ ਨੂੰ ਵੇਖ ਕੇ ਘਬਰਾ ਜਾਏ, ਦਿਲਗੀਰ ਹੋ ਜਾਏ, ਤੇ ਸੋਚਾਂ ਸੋਚਣ ਵਾਸਤੇ ੧੧ ਮਹੀਨੇ ੧੧ ਦਿਨ ਬਨ-ਬਾਸ ਲੈ ਲਏ। ਅਜਿਹੀਆਂ ਲਿਖਤਾਂ ਨਿਰਾ ਟਪਲਾ ਹੀ ਨਹੀਂ ਸਗੋਂ ਦਸਮੇਸ਼ ਜੀ ਦੀ ਸ਼ਾਨ ਨੂੰ ਵੱਟਾ ਹਨ।

(੫) 'ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ' ਤੋਂ ਉਕੇ ਹੋਰ ਕਿਹੜੀ ਅਵਸਥਾ ਹੈ ? ਜਿਥੇ ਸਾਡੇ ਲੇਖਕ ਕਲਗੀਧਰ ਜੀ ਨੂੰ ਲੈ ਜਾਣਾ ਚਾਹੁੰਦੇ ਹਨ। ਤੇ ਉਹ ਵੀ ਦਸਮੇਸ਼ ਜੀ ਦੇ ਸ੍ਰੀ ਮੁਖਵਾਕ :—

'ਦਵੈ ਤੇ ਏਕ ਰੂਪ ਹਵੈ ਗਾਇਓ'

(ਪਾ: ੧੦)

ਦੇ ਹੁੰਦਿਆਂ ਹੋਇਆਂ ਤੇ ਨਾਲੇ ਇਹ ਵੀ ਜਾਣਦਿਆਂ ਹੋਇਆਂ ਕਿ :—

'ਸਖੀ ਵਸ ਆਇਆ ਪਿਰ ਛੋਡ ਨਾ ਜਾਈ ਇਹ ਰੀਤ ਭਲੀ ਭਗਵੰਤੇ।'

## ਵਿਚਾਰਾਂ :—

ਇਕ ਲੇਖਕ ਜੀ ਲਿਖਦੇ ਹਨ ੧੧ ਮਹੀਨੇ ੧੧ ਦਿਨ...ਦਾ ਇਕਾਂਤ ਵਾਸ ਤੇ ਦੂਜੇ ਲਿਖਦੇ ਹਨ ਗਿਆਰਵੇ ਮਹੀਨੇ (ਭਾਵ ੧੦ ਮਹੀਨੇ ਪੂਰੇ) ਦੇ ਗਿਆ-ਰਵੇ ਦਿਨ (ਭਾਵ ੧੦ ਦਿਨ ਪੂਰੇ)... ਆਦ ਦਾ ਬੰਨ ਇਕਾਂਤ ਵਾਸ।

ਦੋਹਾਂ ਲਿਖਤਾਂ ਦਾ ਆਪੋ ਵਿਚ ਦਾ ਮਤ ਭੇਦ (ਇਕ ਮਹੀਨੇ ਦਾ ਫਰਕ) ਹੀ ਇਹ ਸਿਧ ਕਰਨ ਲਈ ਕਾਫੀ ਹੈ ਕਿ ਇਹ ਸਭ ਸੁਣੀਆਂ ਸੁਣਾਈਆਂ ਗਲਾਂ ਸਾਖੀਆਂ ਦਾ ਰੂਪ ਧਾਰਨ ਕਰ ਗਈਆਂ ਹਨ। ਸੱਚ ਇਨ੍ਹਾਂ ਕਥਾਵਾਂ ਦੇ ਪਲੇ ਹੈ ਨਹੀਂ।

ਜੇ ਅਸੀਂ ਅਜਿਹੇ ਇਤਿਹਾਸ ਨੂੰ ਸਚ ਮੰਨ ਲਿਆ ਤਾਂ ਇਸ ਦਾ ਅਰਥ ਹੋਵੇਗਾ ਕਿ ਅਸੀਂ ਸਤਿਗੁਰੂ ਜੀ ਦੀ ਬਾਣੀ, (ਮੁਖਵਾਕ ਤੇ ਗੁਰਮਤ ਦੇ ਆਸ਼ੇ ਤੋਂ ਬਿਲ-ਕੁਲ ਕੋਰੇ ਹਾਂ। ਅਨਜਾਣ ਹਾਂ। ਤੇ ਜੇ ਅਸੀਂ ਗੁਰਮਤ ਤੋਂ ਬਾਣੀ ਤੋਂ, ਅਣਜਾਣ ਵੀ ਨਹੀਂ ਤੇ ਇਹ ਇਤਹਾਸ ਵੀ ਸਚ ਹੈ ਤਾਂ ਫਿਰ ਕੀ ਗੁਰਬਾਣੀ,ਗੁਰਮਤ ਅਸਚ ਹੈ ? ਨਹੀਂ ! ਗੁਰਬਾਣੀ ਅਟਲ ਸਚਾਈ ਹੈ। ਗੁਰਮਤਿ ਮਤਿ ਅਚਲ ਹੈ। ਤਾਂ ਫਿਰ ਝੂਠ ਹੈ। ਤਾਂ ਕੇਵਲ ਇਹ ਮਨ ਘੜਤ ਇਤਹਾਸ ਹੀ ਝੂਠ ਹੈ ਮਨ ਘੜਤ ਹੀ ਹੈ। ਭਲਾ ਪੁਛੋ ਇਹ ੧੧,੧੧ ਦੀ ਕੀ ਖਾਸ ਲੋੜ ਹੈ। ਜੇ ਸੋਚਿਆ ਹੀ ਹੋਵੇ ਤਾਂ ੧੧ ਦੇ ਹਿੰਦਸੇ ਨੂੰ ਇਤਨੀ ਮਹਤਤਾ ਕਿਉਂ ਹੈ। ਏਸੇ ਚਾਲੇ ਚਲਦਿਆਂ ਕੋਈ ਵਡੀ ਗਲ ਨਹੀਂ ਜੇ ਕਲ ਨੂੰ ਸਾਡੇ ਮਨ ਘੜਤੀਏ ਇਤਹਾਸ ਕਾਰ ੧੧ ਸਾਲ ਵੀ ਨਾਲ ਜੋੜ ਲੈਣ ਤੇ ਪਰਸੋਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ੧੪ ਵਰ੍ਹੇ ਬਨਬਾਸੀ ਕਰਾਰ ਦੇ ਦੇਣ ਵਿਚ ਕੋਈ ਵਡੀ ਵਡਿਆਈ ਸਮਝਣ ਲਗ ਪੈਣ।

ਹਰ ਲੇਖਕ ਨੂੰ ਕੁਝ ਲਿਖਣ ਤੋਂ ਪਹਿਲਾਂ ਇਹ ਤੋਲਣਾ ਚਾਹੀਦਾ ਹੈ ਕਿ ਕਿਤੇ ਗੁਰਮਤਿ ਦੇ ਆਸ਼ੇ ਦੇ ਉਲਟ ਤਾਂ ਕੋਈ ਗਲ ਨਹੀਂ ਲਿਖੀ ਜਾ ਰਹੀ।

ਕਲਗੀਧਰ ਜੀ ਨੂੰ ਨਾ ਬਨਬਾਸਾਂ ਦੀ ਲੋੜ ਸੀ ਤੇ ਨਾ ਹੀ ਉਨ੍ਹਾਂ ਕੋਈ ਬਨ ਇਕਾਂਤ ਵਾਸ ਲਿਆ। ਕਲਗੀਧਰ ਜੀ ਨੇ ਅਪਨੇ ਮਿਸ਼ਨ ਦੀ ਪੂਰਤੀ ਲਈ ਪਕਾ



www.AKJ.Org

ਪ੍ਰੋਗਰਾਮ ਚਾਕ ਅਊਟ ਕੀਤਾ ਹੋਇਆ ਸੀ ਤੇ ਐਨ ਉਸ ਪ੍ਰੋਗਰਾਮ ਦੇ ਮੁਤਾਬਕ ਉਨ੍ਹਾਂ ਆਪਣੇ ਪਿਆਰਿਆਂ ਗੁਰਸਿਖਾਂ ਨੂੰ ਟਰੇਨਿੰਗ ਦਿਤੀ ਆਤਮਕ ਤੇ ਸਰੀਰਕ। ਪੜ੍ਹਾਈ ਕਰਾਈ, ਵਿਦਵਾਨ ਬਣਾਏ, ਵਿਦਵਾਨ ਰਖੇ, ਸ਼ਸਤਰ ਵਿਦਿਆ ਦਿਤੀ, ਜਦੋ-ਜਹਿਦ ਲਈ ਤਿਆਰ ਕੀਤੇ। ਅਜਿਹੇ ਨਿਗਰ ਤੇ ਰੁਝੇਵੇਂ ਵਾਲੇ ਪ੍ਰੋਗਰਾਮ ਦੇ ਆਗੂ ਕੋਲ ਇਹ ਸਮਾਂ ਹੈ ਹੀ ਕਿਥੇ ਸੀ ਕਿ ਉਹ ਬਨਬਾਸ ਲੈ ਲਏ।

ਤੇ ਜੇ ਬਨਬਾਸ ਲਿਆ ਸੀ ਪੰਜ ਪਿਆਰਿਆਂ ਦੀ ਸਥਾਪਨਾਂ ਤੋਂ ਵੀ ਪਹਿਲੋਂ ਤਾਂ ਗੈਰਹਾਜ਼ਰੀ ਵਿਚ ਸਿਖੀ ਸੇਵਕੀ ਦੀ ਅਗਵਾਈ ਕਿਨ੍ਹੂੰ ਸੌਂਪ ਗਏ ਸਨ? ਸਾਫ਼ ਜ਼ਾਹਰ ਹੈ ਕਿ ਇਹ ਸਾਖੀ ਮਨੌਘੜਤ ਹੈ।

ਕਲਗੀਧਰ ਪਾਤਸ਼ਾਹ ਜੀ ਦੀ ਵਡਿਆਈ ਦਾ ਅੰਤ ਪਾਉਣਾ ਤਾਂ ਸਾਡੇ ਜਹੇ ਅਲਪਗਾਂ ਦੇ ਵਸ ਦੀ ਗਲ ਹੀ ਨਹੀਂ, ਹਾਂ, ਕੁਝ ਅੰਦਾਜ਼ਾ, ਸਤਿਗੁਰੂ ਜੀ ਦੀ ੯ ਵਰ੍ਹੇ ਦੀ ਆਯੂ ਵਿਚ ਪਿਤਾ ਜੀ ਨਾਲ ਗਲ ਬਾਤ ਤੇ ਗੱਦੀ ਨੂੰ ਸੰਭਾਲਣ ਤੋਂ ਲਗਦਾ ਹੈ। ਉਚ ਕੋਟੀ ਦੀ ਸਿਆਣਪ (ਪ੍ਰਭੂ ਨਾਲ ਇਕ ਮਿਕ ਹੋਏ ਸਤਿਗੁਰੂ ਤੋਂ ਵਧ ਕੇ ਸਿਆਣਾ ਹੋਰ ਕੋਈ ਹੋ ਵੀ ਤਾਂ ਨਹੀਂ ਸਕਦਾ) ਦੇ ਖ਼ਜ਼ਾਨਾ ਸਤਿਗੁਰੂ ਜੀ ਨੂੰ ਖਾਲਸੇ ਦਾ ਚਿੱਤਰ ਉਲੀਕਣ ਲਈ ਬਨਬਾਸ ਲੈਣ ਦੀ ਲੋੜ ਦਾ ਖ਼ਿਆਲ ਵੀ ਸਾਡੇ ਮਨ ਵਿਚ ਨਹੀਂ ਆ ਸਕਦਾ ਤੇ ਆਉਣਾ ਚਾਹੀਦਾ ਵੀ ਨਹੀਂ।

## ਅੰਤਿਕਾ :—

ਗੁਰਮਤਿ ਵਿਚ ਤਾਂ ਭਗਤੀ ਵਾਸਤੇ ਵੀ ਜੰਗਲ ਜਾਣਾ ਮਨ੍ਹਾ ਹੈ। ਇਹ ਪ੍ਰੋਗਰਾਮ ਤਾਂ ਘਰੇ ਹੀ ਬਣ ਸਕਦੇ ਹਨ। ਇਸ ਲਈ ਇਹ ੧੧ ਮਹੀਨੇ ੧੧ ਦਿਨ ਵਾਲੀ ਸਾਖੀ ਗੁਰਮਤਿ ਦੇ ਆਸ਼ੇ ਦੇ ਉਲਟ ਹੈ, ਮਿਲਾਵਟ ਹੈ ਤੇ ਇਸੇ ਲਈ ਇਤਿਹਾਸ ਵਿਚ ਇਸ ਦੀ ਥਾਂ ਨਹੀਂ।

ਜੇ ਇਸ ਮਿਲਾਵਟ ਨੂੰ ਹੁਣੇ ਨਾ ਸੋਧਿਆ ਗਿਆ ਤਾਂ ਕਲ ਨੂੰ ਖਾਲਸਾ ਪੰਥ ਵਿਚ ਬਨਬਾਸ ਹੀ ਪ੍ਰਚਲਤ ਹੋ ਜਾਏਗਾ। ਸਿਖ ਨਿਕੀ ਵਡੀ ਗਲੇ ਬਨਾਂ ਨੂੰ ਤੁਰ ਪਿਆ ਕਰਨਗੇ।

ਲੋੜ ਹੈ ਇਸ ਗਲ ਦੀ ਕਿ ਪੜ੍ਹੇ, ਲਿਖੇ, ਖੋਜੀ, ਗੁਰਮਤਿ ਨਾਮ ਅਭਿਆਸ ਤੱਤ ਗੁਰਮਤਿ ਜੀਵਨੀ ਵਾਲੇ ਸਿੰਘਾਂ ਦੀ ਇਕ ਕਮੇਟੀ ਬਣਾਈ ਜਾਏ, ਜਿਹੜੀ ਸਾਰੇ ਇਤਿਹਾਸ ਨੂੰ ਗੁਰਮਤਿ, ਗੁਰਬਾਣੀ ਦੀ ਕਸਵੱਟੀ ਤੇ ਪਰਖੇ ਤੇ ਸੋਧ ਸੁਧਾਈ ਕਰਕੇ ਇਤਿਹਾਸ ਨੂੰ ਨਵੇਂ ਸਿਰੇ ਛਾਪੇ। ਕੰਮ ਲੰਬਾ ਹੈ ਮਾਇਆ ਵੀ ਬਹੁਤ ਚਾਹੀਦੀ ਹੈ, ਪਰ ਜੇ ਅਸੀਂ ਇਨ੍ਹਾਂ ਗੱਲਾਂ ਤੋਂ ਡਰਦੇ ਰਹੇ ਤਾਂ ਇਹ ਸਮੁੰਦਰ ਖਾਰਾ ਹੀ ਰਹੇਗਾ ਤੇ ਪਿਆਸ ਕਿਸੇ ਦੀ ਨਹੀਂ ਮਿਟਣੀ।

Water, water every where,
Not a drop to drink.

ਸੋ ਪੰਥ ਦੇ ਆਗੂ ਤੇ ਲੇਖਕ ਜ਼ਿਮੇਵਾਰੀ ਨੂੰ ਸਮਝਣ ਜੀ।



www.AKJ.Org